ISSN 0972-2335

# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine




ਫਰਵਰੀ ੨੦੨੫

ਸੰਪਾਦਕ

ਡਾ. ਜਾਗੀਰ ਸਿੰਘ



### ਹਰਿ ਰੂਪ ਮਾਣਸ

ਭਾਉ ਭਗਤਿ ਅਰ ਭੈ ਬਿਨਾਂ,
ਨ ਮਿਲਿਬੋ ਕਰਤਾਰ ।

ਪਰ ਤਿਨੋਂ ਕਾ ਬਾਸ ਹੈ,
ਵਿਚ ਗਰੀਬੀ ਸਾਰ ।

ਇਨ ਚਾਰੋਂ ਪਰ ਚਲਤ ਜੋ,
ਪਰਖ ਲਏ ਦਾਤਾਰ ।

ਹਰ ਕਾ ਰੂਪ ਜਾਂ ਹੋਏ ਰਹੇ,
ਖੁਸ਼ੀ ਹੋਤ ਸੰਸਾਰ ।

**ਪੁਸਤਕ - ਗੁੱਝੀਆਂ ਰਮਜ਼ਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.**

**ਸਹਿਯੋਗੀ**

**ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ,**

**ਅਤੇ ਸ. ਅਰਸ਼ਦੀਪ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤੁ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- 'ਅੰਮ੍ਰਿਤੁ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:


**ਅੰਮ੍ਰਿਤੁ ਕੀਰਤਨ ਟ੍ਰਸਟ (ਰਜਿ.)**

**#422, ਸੈਕਟਰ 15-ਏ, ਚੰਡੀਗੜ੍ਹ [160015]**

**ਫੋਨ: 0172-2772660, +91-98140-53630**

**e-mail:** drjagirsingh@gmail.com
**Website:** http://www.amritkirtan.com


## ਇਸ ਅੰਗ ਵਿੱਚ


**ਸੰਪਾਦਕੀ: ਕਰਉ ਬੇਨੰਤੀਆ**
ਗੁਰਬਾਣੀ ਵਿੱਚ ਬਸੰਤ ਦਾ ਸੰਕਲਪ........4

**ਗੁਰਮਤਿ ਸੰਗੀਤ ਵਿਚ ਰਾਗ ਬਸੰਤ**
ਡਾ. ਗੁਰਨਾਮ ਸਿੰਘ........12

**ਬਸੰਤ ਅਤੇ ਗੁਰਦੁਆਰਾ ਦੁਖਨਿਵਾਰਨ ਸਾਹਿਬ**
ਪ੍ਰੋ. ਨਵਸੰਗੀਤ ਸਿੰਘ........19

**ਭਗਤ ਰਵਿਦਾਸ ਬਾਣੀ ਵਿਚ ਪ੍ਰਸਤੁਤ ਗਾਇਨ ਸ਼ੈਲੀਆਂ**
ਡਾ. ਹਰਜਸ ਕੌਰ........28

**ਗੁਰਬਾਣੀ ਲਈ ਕੰਪਿਊਟਰ ਦਾ ਪ੍ਰਯੋਗ**
ਡਾ. ਸੋਨਦੀਪ ਮੋਂਗਾ........42

**Just Watch the Rose...**
Babli S. Singh........51

**ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ**
ਡਾ. ਜਾਗੀਰ ਸਿੰਘ........54

**Prof. Milap Singh**
Dr. Amardev Singh........81

**संगीत और गणित**
डॉ. सरबजीत सिंह........85

**ਰਾਗ ਗਉੜੀ**
ਪ੍ਰੋ. ਹਰਭਜਨ ਸਿੰਘ ਧਾਰੀਵਾਲ........88



Donations to **AMRIT KIRTAN TRUST** (Unique Registration Number **AAATA1371JF19911**) are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are: **AMRIT KIRTAN TRUST** Savings Bank A/c No. **65079603302**, IFSC: **SBIN0018141** in the State Bank of India, Phase 3B2, S.A.S Nagar (Mohali), Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਗੁਰਬਾਣੀ ਵਿੱਚ ਬਸੰਤ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਦੀ ਤਰਤੀਬ ਵਿੱਚ ਬਸੰਤ ਪੱਚੀਵਾਂ ਰਾਗ ਹੈ। ਇਸ ਰਾਗ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ।ਭਗਤ ਕਵੀਆਂ ਵਿੱਚੋਂ ਭਗਤ ਕਬੀਰ ਜੀ, ਭਗਤ ਰਾਮਾ ਨੰਦ ਜੀ, ਭਗਤ ਨਾਮ ਦੇਵ ਅਤੇ ਭਗਤ ਰਵਿਦਾਸ ਜੀ ਨੇ ਬਾਣੀ ਰਚਨਾ ਕੀਤੀ।

ਗੁਰੂ ਗ੍ਰੰਥ ਸਾਹਿਬ ਵਿੱਚ ਬਸੰਤ ਸ਼ਬਦ ਦਾ ਉਲੇਖ ਮੁੱਖ ਰੂਪ ਵਿੱਚ ਦੋ ਅਰਥਾਂ ਵਿੱਚ ਹੋਇਆ ਹੈ - ਬਸੰਤ ਰੁੱਤ ਅਤੇ ਬਸੰਤ ਰਾਗ।
ਬਸੰਤ ਰਾਗ ਬਸੰਤ ਦੀ ਰੁੱਤ ਵਿੱਚ ਗਾਇਆ ਜਾਂਦਾ ਦਾ ਹੈ। ।ਇਹ ਰਾਗ ਭਾਵੇਂ ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਪਹਿਲੀ ਮਾਘ ਤੋਂ ਆਰੰਭ ਕਰਕੇ ਹੋਲੇ ਮਹੱਲੇ ਤੱਕ ਗਾਇਨ ਕੀਤਾ ਜਾਂਦਾ ਹੈ।ਪਰ ਗੁਰੂ ਗ੍ਰੰਥ ਸਾਹਿਬ ਬਾਣੀ ਵਿੱਚ ਰੁੱਤਾਂ ਦੇ ਚੱਕਰ ਅਨੁਸਾਰ ਬਸੰਤ ਰੁੱਤ ਚੇਤਰ ਅਤੇ ਵੈਸਾਖ ਦੇ ਮਹੀਨੇ ਵਿੱਚ ਦਰਸਾਈ ਗਈ ਹੈ।
ਗੁਰਬਾਣੀ ਵਿੱਚ ਇਸ ਬਾਰੇ ਫੁਰਮਾਨ ਹਨ:

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ॥ (452)

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥
ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ॥
ਘਰਿ ਨਾਹੁ ਨਿਹਚਲੁ ਅਨਦੁ ਸਖੀਏ ਚਰਨ ਕਮਲ ਪ੍ਰਫੁਲਿਆ॥

ਵਡਭਾਗਿ ਪਾਇਆ ਦੁਖੁ ਗਵਾਇਆ ਭਈ ਪੂਰਨ ਆਸ ਜੀਉ॥
ਬਿਨਵੰਤਿ ਨਾਨਕ ਸਰਣਿ ਤੇਰੀ ਮਿਟੀ ਜਮ ਕੀ ਤ੍ਰਾਸ ਜੀਉ॥
(ਅੰਗ 927)

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਹੁੜੈ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥
(ਅੰਗ 1107)

ਆਮ ਤੌਰ ਤੇ ਬਸੰਤ ਰਾਗ ਦੀ ਬਾਣੀ ਵਿੱਚ ਬਸੰਤ ਰੁੱਤ ਨਾਲ ਸਬੰਧਤ ਸ਼ਬਦਾਵਲੀ ਰਾਹੀਂ ਭਾਵ ਪ੍ਰਗਟਾਏ ਗਏ ਹਨ। ਇਸ ਬਾਣੀ ਦੇ ਅਲੰਕਾਰ ਚਿੰਨ੍ਹ, ਪ੍ਰਤੀਕ, ਰੂਪਕ, ਉਪਮਾਵਾਂ, ਬਿੰਬ ਆਦਿ ਬਸੰਤ ਰੁੱਤ ਦੇ ਵਾਤਾਵਰਣ ਨੂੰ ਪ੍ਰਗਟ ਕਰਦੇ ਹਨ:

ਨਾਨਕ ਤਿਨਾ ਬਸੰਤੁ ਹੈ ਜਿਨ੍ਹ ਘਰਿ ਵਸਿਆ ਕੰਤੁ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥ (ਅੰਗ 791)

ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥
ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ॥
(ਅੰਗ 791)

ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ॥
ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ॥ (ਅੰਗ 791)

ਬਸੰਤ ਬਾਰੇ ਮਿਹਰਬਾਨ ਵਾਲੀ ਜਨਮ ਸਾਖੀ ਵਿੱਚ 'ਬਸੰਤ ਦੀ ਵਿਆਖਿਆ' ਨਾਮਕ ਇਕ ਸਾਖੀ ਦਰਜ ਹੈ:

*ਜਦਿ ਗੁਰੂ ਨਾਨਕੁ ਜੀ ਪੰਜੀਸ ਛਬੀਸ ਬਰਬ ਕਾ ਭੈਆ ਤਬ ਏਕ ਦਿਨਿ ਪੰਜਾਬ ਕੀ ਧਰਤੀ ਨਗਰਿ ਤਲਵਡੀ ਰਾਇ ਭੋਇ ਦੀ ਗੁਰੂ ਬਾਬਾ ਨਾਨਕ ਅੰਦਰਿ ਘਰਿ ਕੈ ਪੜਿਆ ਰਹਤਾ। ਜਬ ਕਈ ਮਾਸ ਦਿਨ ਪੜਿਆ ਹੀ ਰਹਿਆ ਤਬ ਬਸੰਤ ਚੜਿਆ। ਤਬ ਜਿਤਨੇ ਲੋਕ ਤਲਵਡੀ ਕੇ ਥੇ ਏਤਨਿਆਂ ਲੋਕ ਮਿਲਿਨਿ ਆਏ ਜਿ-ਲੋਕ ਸਭਿ ਬਸੰਤ ਚੜਿਐ ਖੁਸੀ ਹੋਤੇ ਹੈਂ, ਬਾਹਰਿ ਚਲੀਐ, ਏਕ ਬਾਰ ਚੇਤ ਕੀ ਬਹਾਰ ਲੀਜੀਐ। ਤਬ ਗੁਰੂ ਬਾਬੈ ਨਾਨਕ ਜੀ ਬਸੰਤ ਰਾਗ ਮਹਿ ਬਾਣੀ ਬੋਲੀ ਜਿ:*

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ॥1॥
ਭੋਲਿਆ ਹਉਮੈ ਸੁਰਤਿ ਵਿਸਾਰਿ॥
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥1॥ਰਹਾਉ॥
ਕਰਮੁ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ॥2॥
ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ॥
ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ॥3॥
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ॥
ਨਾਨਕ ਹਰੇ ਨ ਸੂਕਹੀ ਜਿ ਗੁਰਮਖਿ ਰਹੇ ਸਮਾਇ॥4॥1॥
(ਅੰਗ 1168)

ਗੁਰਬਾਣੀ ਵਿੱਚ ਹੋਰ ਜਿਥੇ ਜਿਥੇ ਬਸੰਤ ਸ਼ਬਦ ਆਉਂਦਾ ਹੈ। ਉਹਨਾਂ ਨੂੰ ਵਾਚਣਾਂ ਵੀ ਲਾਹੇਵੰਦ ਹੈ:

ਰੁਤਿ ਆਈਲੇ ਸਰਸ ਬਸੰਤ ਮਾਹਿ॥
ਰੰਗਿ ਰਾਤੇ ਰਵਹਿ ਸਿ ਤੇਰੈ ਚਾਇ॥ (ਅੰਗ 1168)

ਮਾਹਾ ਰੁਤੀ ਮਹਿ ਸਦ ਬਸੰਤ॥
ਜਿਤੁ ਹਰਿਆ ਸਭੁ ਜੀਅ ਜੰਤੁ॥ (ਅੰਗ 1172)

ਮੇਰਾ ਪ੍ਰਭੁ ਮਉਲਿਆ ਸਦ ਬਸੰਤ॥
ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ॥ 1॥ ਰਹਾਉ॥

---

ਮਨੁ ਤਨੁ ਹਰਿਆ ਸਹਜਿ ਸੁਭਾਏ॥
ਨਾਨਕ ਨਾਮਿ ਰਹੇ ਲਿਵ ਲਾਏ॥ 4॥ (ਅੰਗ 1173)

ਬਨਸਪਤ ਮਉਲੀ ਚੜਿਆ ਬਸੰਤੁ॥
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ॥ 1॥

---

ਇਹੁ ਮਨਿ ਮਉਲਿਐ ਭਇਆ ਅਨੰਦੁ॥
ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ॥ 2॥ (ਅੰਗ 1176)

ਮਨਿ ਬਸੰਤੁ ਹਰੇ ਸਭਿ ਲੋਇ॥
ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ॥ 2॥
ਸਦਾ ਬਸੰਤੁ ਗੁਰ ਸਬਦੁ ਵੀਚਾਰੇ॥
ਰਾਮ ਨਾਮੁ ਰਾਖੈ ਉਰ ਧਾਰੈ॥ 3॥

ਮਨਿ ਬਸੰਤੁ ਤਨੁ ਮਨੁ ਹਰਿਆ ਹੋਇ॥
ਨਾਨਕ ਇਹੁ ਤਨੁ ਬਿਰਖੁ ਰਾਮ ਨਾਮੁ ਫਲੁ ਪਾਇ ਸੋਇ॥4॥
(ਅੰਗ 1176)

ਤਿਨ ਬਸੰਤੁ ਜੋ ਹਰਿ ਗੁਣ ਗਾਇ॥
ਪੂਰੈ ਭਾਗਿ ਹਰਿ ਭਗਤਿ ਕਰਾਇ॥1॥
ਇਸੁ ਮਨੁ ਕਉ ਬਸੰਤ ਕੀ ਲਗੈ ਨ ਸੋਇ॥
ਇਹੁ ਮਨੁ ਜਲਿਆ ਦੂਜੈ ਦੋਇ॥1॥ਰਹਾਉ॥(ਅੰਗ 1176)

ਬਸੰਤ ਚੜਿਆ ਫੂਲੀ ਬਨਰਾਇ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥1॥
ਇਨ ਬਿਧਿ ਇਹੁ ਮਨੁ ਹਰਿਆ ਹੋਇ॥
ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ
ਧੋਇ॥1॥ਰਹਾਉ॥
ਸਤਿਗੁਰ ਬਾਣੀ ਸਬਦੁ ਸੁਣਾਏ॥
ਇਹੁ ਜਗੁ ਹਰਿਆ ਸਤਿਗੁਰ ਭਾਏ॥2॥
ਫਲ ਫੂਲ ਲਾਗੇ ਜਾਂ ਆਪੇ ਲਾਏ॥
ਮੂਲਿ ਲਗੈ ਤਾਂ ਸਤਿਗੁਰੁ ਪਾਏ॥3॥
ਆਪਿ ਬਸੰਤੁ ਜਗਤੁ ਸਭੁ ਵਾੜੀ॥
ਨਾਨਕ ਪੂਰੈ ਭਾਗਿ ਭਗਤਿ ਨਿਰਾਲੀ॥4॥(ਅੰਗ1176)

ਗੁਰੁ ਸੇਵਉ ਕਰਿ ਨਮਸਕਾਰ॥
ਆਜੁ ਹਮਾਰੈ ਰੁੰਗਲਚਾਰ॥
ਆਜੁ ਹਮਾਰੈ ਰੁਹਾ ਅਨੰਦ॥
ਚਿੰਤ ਲਥੀ ਭੇਟੇ ਗੋਬਿੰਦ॥

ਆਜੁ ਹਮਾਰੈ ਗ੍ਰਿਹਿ ਬਸੰਤ॥
ਗੁਨ ਗਾਇ ਪ੍ਰਭ ਤੁਮ ਬੇਅੰਤ॥1॥ਰਹਾਉ॥
ਆਜੁ ਹਮਾਰੈ ਬਨੇ ਫਾਗ॥
ਪ੍ਰਭ ਸੰਗੀ ਮਿਲਿ ਖੇਲਨ ਲਾਗ॥
ਹੋਲੀ ਕੀਨੀ ਸੰਤ ਸੇਵ॥
ਰੰਗੁ ਲਾਗਾ ਅਤਿ ਲਾਲ ਦੇਵ॥2॥
ਮਨੁ ਤਨੁ ਮਉਲਿਓ ਅਤਿ ਅਨੂਪ॥
ਸੂਕੈ ਨਾਹੀ ਛਾਵ ਧੂਪ॥
ਸਗਲੀ ਰੂਤੀ ਹਰਿਆ ਹੋਇ॥
ਸਦ ਬਸੰਤ ਗੁਰ ਮਿਲੇ ਦੇਵ॥3॥
ਬਿਰਖੁ ਜਮਿਓ ਹੈ ਪਾਰਜਾਤ॥
ਫੂਲ ਲਗੇ ਫਲ ਰਤਨ ਭਾਂਤਿ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥
ਜਨ ਨਾਨਕ ਹਰਿ ਹਰਿ ਹਰਿ ਧਿਆਇ॥4॥1॥(ਅੰਗ1180)

ਤਿਸ ਬਸੰਤੁ ਜਿਸੁ ਪ੍ਰਭੁ ਕ੍ਰਿਪਾਲ॥
ਤਿਸੁ ਬਸੰਤੁ ਜਿਸੁ ਗੁਰੁ ਦਇਆਲ॥
ਮੰਗਲੁ ਤਿਸ ਕੈ ਜਿਸੁ ਏਕੁ ਕਾਮੁ॥
ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ॥1॥
ਗ੍ਰਿਹਿ ਤਾ ਕੈ ਬਸੰਤੁ ਗਨੀ॥
ਜਾ ਕੈ ਕੀਰਤਨੁ ਹਰਿ ਧੁਨੀ॥1॥ਰਹਾਉ॥
ਪ੍ਰੀਤਿ ਪਾਰਬ੍ਰਹਮ ਮਉਲਿ ਮਨਾ॥
ਗਿਆਨੁ ਕਮਾਈਐ ਪੂਛਿ ਜਨਾਂ॥(ਅੰਗ 1180)

ਦੇਖੁ ਫੂਲ ਫੂਲ ਫੂਲੇ ॥
ਅਹੰ ਤਿਆਗਿ ਤਿਆਗੇ ॥
ਚਰਨ ਕਮਲ ਪਾਗੇ ॥
ਤੁਮ ਮਿਲਹੁ ਪ੍ਰਭ ਸਭਾਗੇ ॥
ਹਰਿ ਚੇਤਿ ਮਨ ਮੇਰੇ ॥ ਰਹਾਉ ॥
ਸਘਨ ਬਾਸੁ ਕੂਲੇ ॥
ਇਕਿ ਰਹੇ ਸੂਕਿ ਕਠੂਲੇ ॥
ਬਸੰਤ ਰੁਤਿ ਆਈ ॥
ਪਰਫੂਲਤਾ ਰਹੇ ॥ 1 ॥
ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥
ਗੁਰ ਮਿਲੇ ਹਰਿ ਪਾਏ ॥
ਜਿਸੁ ਮਸਤਕਿ ਹੈ ਲੇਖਾ ॥
ਮਨ ਰੁਤਿ ਨਾਮ ਰੇ ॥
ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥ 2 ॥ 18 ॥

ਮਉਲੀ ਧਰਤੀ ਮਉਲਿਆ ਆਕਾਸੁ ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥
ਰਾਜਾ ਰਾਮੁ ਮਉਲਿਆ ਅਨਤ ਭਾਇ ॥
ਜਹ ਦੇਖਉ ਤਹ ਰਹਿਆ ਸਮਾਇ ॥ 1 ॥ ਰਹਾਉ ॥
ਦੁਤੀਆ ਮਉਲੇ ਚਾਰਿ ਬੇਦੁ ॥
ਸਿੰਮ੍ਰਿਤਿ ਮਉਲੀ ਸਿਉ ਕਤੇਬ ॥ 2 ॥

ਸੰਕਰ ਮਉਲਿਓ ਜੋਗ ਧਿਆਨ॥
ਕਬੀਰ ਕੋ ਸੁਆਮੀ ਸਭ ਸਮਾਨ॥3॥(ਅੰਗ1193)

ਨਾਨਕ ਤਿਸੈ ਬਸੰਤ ਹੈ ਜਿ ਸਤਿਗੁਰੁ ਸੇਵਿ ਸਮਾਇ॥
ਹਰਿ ਵੁਠਾ ਮਨੁ ਤਨ ਸਭੁ ਪਰਫੜੈ ਸਭੁ ਜਗੁ ਹਰੀਆਵਲੁ ਹੋਇ॥
(ਅੰਗ 1420)

ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ॥
ਨਾਨਕ ਨਾਮੁ ਨ ਵੀਸਰੈ ਜਿਨਿ ਸਿਰਿਆ ਸਭੁ ਕੋਇ॥(ਅੰਗ1420)

ਨਾਨਕ ਤਿਨਾ ਬਸੰਤ ਹੈ ਜਿਨਾ ਗੁਰਮੁਖਿ ਵਸਿਆ ਮਨਿ ਸੋਇ॥
ਹਰਿ ਵੁਠੈ ਮਨੁ ਤਨੁ ਪਰਫੜੈ ਸਭੁ ਜਗੁ ਹਰਿਆ ਹੋਇ॥(ਅੰਗ1420)

**ਭੁੱਲ ਚੁੱਕ ਖਿਮਾ**



**ਜਾਗੀਰ ਸਿੰਘ**

# ਗੁਰਮਤਿ ਸੰਗੀਤ ਵਿਚ ਰਾਗ ਬਸੰਤ

ਡਾ. ਗੁਰਨਾਮ ਸਿੰਘ*

ਬਸੰਤ ਇਕ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਪੁਰਾਤਨ ਮੱਧ ਕਾਲੀਨ ਅਤੇ ਆਧੁਨਿਕ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਹਰੇਕ ਗ੍ਰੰਥਕਾਰ ਨੇ ਕੀਤਾ ਹੈ। ਗੁਰਮਤਿ ਸੰਗੀਤ ਪਰੰਪਰਾ ਦਾ ਇਹ ਮਹੱਤਵਪੂਰਣ ਰਾਗ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਅਧੀਨ ਅਨੰਦ ਤੇ ਖੇੜੇ ਦੀਆਂ ਬੰਦਿਸ਼ਾਂ ਗਾਈਆਂ ਜਾਂਦੀਆਂ ਹਨ ਪਰ ਗੁਰਮਤਿ ਸੰਗੀਤ ਵਿਚ ਇਸ ਰਾਗ ਅਧੀਨ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਵਿਚ ਓਤਪਰੋਤ ਸ਼ਬਦ ਬੰਦਸ਼ਾਂ ਦਾ ਗਾਇਨ ਕਰਕੇ ਦਰਸਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਇਸ ਨੂੰ ੨੫ਵੇਂ ਸਥਾਨ ਪੰਨਾ ੧੧੬੮ 'ਤੇ ਅੰਕਿਤ ਕੀਤਾ ਗਿਆ ਹੈ। ਇਸ ਰਾਗ ਵਿਚ ਪਉੜੀ ਗਾਇਨ ਦੀ ਪਰੰਪਰਾ ਗੁਰਮਤਿ ਸੰਗੀਤ ਦੀ ਵਿਲੱਖਣਤਾ ਹੈ। ਇਸ ਰਾਗ ਅਧੀਨ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਵਿਚ ਸ਼ਬਦ ਬੰਦਸ਼ਾਂ ਦਾ ਗਾਇਨ ਕਰਕੇ ਦਰਸਾਇਆ ਜਾਂਦਾ ਹੈ। ਬਸੰਤ ਰਾਗ ਸਬੰਧੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:

**ਬਨਸਪਤਿ ਮਉਲੀ ਚੜਿਆ ਬਸੰਤੁ ॥**

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੭੬

**ਮਾਹਾ ਮਾਹ ਮੁਮਾਰਖੀ ਚੜਿਆ ਬਸੰਤੁ ॥**

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੮

ਸਿੱਖ ਕੀਰਤਨ ਪਰੰਪਰਾ ਵਿਚ ਬਸੰਤ ਰੁੱਤ ਵਿਚ ਰਾਗ ਬਸੰਤ ਦੀ ਚੌਕੀ ਦਾ ਗਾਇਨ ਕਰਨ ਦੀ ਵਿਸ਼ੇਸ਼ ਮਰਿਆਦਾ ਹੈ। ਬਸੰਤ ਰੁੱਤ ਵਿਚ ਕੀਰਤਨ ਦੀ ਆਰੰਭਤਾ ਇਸੇ ਰਾਗ ਨਾਲ ਕੀਤੀ ਜਾਂਦੀ ਹੈ। ਕੀਰਤਨ ਦੀ ਸੰਪਨਤਾ ਬਸੰਤ ਦੀ ਪਉੜੀ ਲਗਾ ਕੇ ਕੀਤੀ ਜਾਂਦੀ ਹੈ। ਰੁੱਤਕਾਲੀਨ ਰਾਗ ਹੋਣ ਕਰਕੇ ਰਾਗ ਬਸੰਤ ਦਾ ਗੁਰਮਤਿ ਸੰਗੀਤ ਪਰੰਪਰਾ ਵਿਚ ਮਾਘ ਮਹੀਨੇ ਤੋਂ ਹੋਲੇ ਮਹੱਲੇ ਦੇ ਤਿਉਹਾਰ ਤੱਕ ਗਾਇਨ ਕਰਨ ਦੀ ਰੀਤ ਹੈ। ਜਿਸ ਅਨੁਸਾਰ ਇਸ ਸਮੇਂ ਦੌਰਾਨ ਜਿੱਥੇ ਕਿਤੇ ਵੀ ਕੀਰਤਨ ਹੁੰਦਾ ਹੈ, ਉਸ ਵਿਚ ਬਸੰਤ ਅਤੇ ਬਸੰਤ ਹਿੰਡੋਲ ਦੇ ਵੱਖ-ਵੱਖ ਰਾਗ ਪ੍ਰਕਾਰਾਂ ਵਿਚ ਗਾਇਨ ਕਰਨਾ ਲਾਜ਼ਮੀ ਮੰਨਿਆ ਜਾਂਦਾ ਹੈ। ਇਸ ਕੀਰਤਨ ਨੂੰ ਬਸੰਤ ਦੀ ਕੀਰਤਨ ਚੌਕੀ ਵੀ ਕਿਹਾ ਜਾਂਦਾ ਹੈ ਅਤੇ ਇਸ ਦੇ ਅੰਤ ਵਿਚ ਬਸੰਤ ਦੀ ਵਾਰ ਦੀਆਂ ਪਉੜੀਆਂ ਦਾ ਗਾਇਨ ਵੀ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਇਸ ਸਮੇਂ ਦੌਰਾਨ ਰਾਗ ਬਸੰਤ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਮਾਘੀ ਦੀ ਸੰਗਰਾਂਦ ਤੋਂ ਇਕ ਰਾਤ ਪਹਿਲਾਂ ਵਿਸ਼ੇਸ਼ ਅਰਦਾਸ ਕਰਕੇ ਕੀਤਾ ਜਾਂਦਾ ਹੈ। ਰਾਗ ਬਸੰਤ ਦੇ ਆਰੰਭ ਦੀ ਇਸ ਰੀਤ ਨੂੰ ਗੁਰਮਤਿ ਸੰਗੀਤ ਵਿਚ ਬਸੰਤ ਖੋਲਣਾ ਕਿਹਾ ਜਾਂਦਾ ਹੈ। ਰਾਗ ਬਸੰਤ ਦਾ ਸਮਾਪਨ ਹੋਲੇ ਮਹੱਲੇ ਦੇ ਤਿਉਹਾਰ 'ਤੇ ਤਖ਼ਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ ਵਿਖੇ ਕੀਤਾ ਜਾਂਦਾ ਹੈ ਜਿਸ ਵਿਚ ਹੋਲੇ ਮਹੱਲੇ ਤੋਂ ਇਕ ਰਾਤ ਪਹਿਲਾਂ ਬਸੰਤ ਰਾਗ 'ਤੇ ਅਧਾਰਿਤ ਇਕ ਵਿਸ਼ੇਸ਼ ਰਾਗ ਦਰਬਾਰ ਸੱਜਦਾ ਹੈ ਜਿਸ ਵਿਚ ਕੀਰਤਨੀਏ ਬਸੰਤ ਅਤੇ ਹੋਲੀ ਨਾਲ ਸਬੰਧਤ ਕੀਰਤਨ ਕਰਦੇ ਹਨ ਅਤੇ ਅੰਤ ਵਿਚ ਬੀਰ ਰਸੀ ਸ਼ਬਦਾਂ ਦਾ ਗਾਇਨ ਸ਼ਸਤਰ ਮਾਲਾ ਵਿਚੋਂ ਕੀਤਾ ਜਾਂਦਾ ਹੈ। ਇਸ ਕੀਰਤਨ ਚੌਕੀ ਦਾ ਆਰੰਭ ਸਾਵਣ ਦੀ ਸੰਗਰਾਂਦ ਤੋਂ ਹੁੰਦਾ ਹੈ। ਜਿਨ੍ਹਾਂ ਮਹੀਨਿਆਂ ਵਿਚ ਬਸੰਤ ਰਾਗ ਦਾ ਗਾਇਨ ਹੁੰਦਾ ਹੈ ਉਸ ਸਮੇਂ ਸਾਰੰਗ ਰਾਗ ਬਿਲਕੁਲ ਨਹੀਂ ਗਾਇਆ ਜਾਂਦਾ।

ਬਸੰਤ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਅੱਠ ਪਦੇ, ਸੱਤ ਅਸ਼ਟਪਦੀਆਂ; ਗੁਰੂ ਅਮਰਦਾਸ ਜੀ ਦੇ ਸਤਾਰਾਂ ਪਦੇ; ਗੁਰੂ ਰਾਮਦਾਸ ਜੀ ਦੋ ਪਦੇ; ਗੁਰੂ ਅਰਜਨ ਦੇਵ ਜੀ ਅਠਾਰਾਂ ਪਦੇ ਦੋ ਅਸ਼ਟਪਦੀਆਂ ਤੇ ਇਕ ਵਾਰ; ਭਗਤ ਕਬੀਰ ਜੀ ਦੇ ਸੱਤ; ਨਾਮਦੇਉ ਜੀ ਦੇ ਤਿੰਨ ਪਦੇ ਤੇ ਭਗਤ ਰਵੀਦਾਸ ਇਕ ਪਦਾ ਬਾਣੀ ਰੂਪ ਦਰਜ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਇਸ ਰਾਗ ਨੂੰ ਪੂਰਵੀ ਥਾਟ ਦੇ ਅੰਤਰਗਤ ਰੱਖਿਆ ਗਿਆ ਹੈ। ਗੁਰੁ ਗਿਰਾਰਥ ਕੋਸ਼ ਵਿਚ ਬਸੰਤ ਨੂੰ ਸਿਰੀ ਰਾਗ ਦੀ ਰਾਗਨੀ ਸਵੀਕਾਰਿਆ ਗਿਆ ਹੈ। ਭਾਰਤੀ ਸੰਗੀਤਕਾਰਾਂ ਵਿਚ ਇਸ ਰਾਗ ਦੇ ਸਰੂਪ ਬਾਰੇ ਭਿੰਨ-ਭਿੰਨ ਮੱਤ ਪ੍ਰਚਲਿਤ ਹਨ। ਇਕ ਮੱਤ ਅਨੁਸਾਰ ਇਹ ਮਾਰਵਾ ਥਾਟ ਦਾ ਸੰਪੂਰਨ ਰਾਗ ਹੈ। ਦੂਜੇ ਮੱਤ ਅਨੁਸਾਰ ਇਹ ਰਾਗ ਥਾਟ ਮਾਰਵਾ, ਪੰਚਮ ਵਰਜਿਤ, ਤੀਜੇ ਮੱਤ ਅਨੁਸਾਰ ਥਾਟ ਪੂਰਵੀ, ਕੇਵਲ ਤੀਵਰ ਮਧਿਅਮ, ਚੌਥੇ ਨੇ ਥਾਟ ਪੂਰਵੀ, ਦੋਵੇਂ ਮਾਧਿਅਮ ਆਦਿ। ਕੁਝ ਗ੍ਰੰਥਕਾਰ ਬਸੰਤ ਰਾਗ ਵਿਚ ਕੋਮਲ ਗੰਧਾਰ ਅਤੇ ਥਾਟ ਤੋੜੀ ਮੰਨਦੇ ਹਨ। ਵਰਤਮਾਨ ਸਮੇਂ ਵਿਚ ਰਾਗ ਬਸੰਤ ਪੂਰਵੀ ਥਾਟ ਅਤੇ ਮਧਿਅਮ ਦੋਵੇਂ, ਜ਼ਿਆਦਾ ਪ੍ਰਚਾਰ ਵਿਚ ਹੈ।

ਕੁਝ ਸੰਗੀਤ ਵਿਦਵਾਨਾਂ ਇਸ ਰਾਗ ਨੂੰ ਪੁਰਾਤਨ ਬਸੰਤ ਰਾਗ ਜੋ ਕਿ ਬਿਲਾਵਲ ਥਾਟ ਦਾ ਰਾਗ ਹੈ, ਨੂੰ ਮਾਨਤਾ ਦਿੰਦੇ ਹਨ। ਰਾਗ ਨਿਰਣਾਇਕ ਕਮੇਟੀ ਨੇ ਵੀ ਇਸ ਰਾਗ ਦੇ ਪੁਰਾਤਨ ਬਿਲਾਵਲ ਥਾਟ ਦੇ ਸਰੂਪ ਨੂੰ ਹੀ ਪ੍ਰਵਾਨਿਆ ਹੈ। ਰਾਗ ਬਸੰਤ ਦੇ ਕੁਝ ਪ੍ਰਕਾਰ ਨਿਮਨਲਿਖਤ ਹਨ:

੧) ਕਲਿਆਣ-ਅੰਗ, ਵਾਦੀ: ਤਾਰ ਸ਼ੜਜ, ਸੰਵਾਦੀ: ਗੰਧਾਰ, ਸੁਰ: ਦੋਵੇਂ ਮਧਿਅਮ, ਰਿਸ਼ਭ ਦੁਰਬਲ, ਸਮਾਂ: ਬਸੰਤ ਰੁੱਤ।

੨) ਥਾਟ: ਪੂਰਵੀ, ਜਾਤੀ: ਔੜਵ-ਸੰਪੂਰਨ, ਵਰਜਿਤ ਸੁਰ: ਆਰੋਹ ਵਿਚ ਰਿਸ਼ਭ, ਪੰਚਮ, ਵਾਦੀ-ਸੰਵਾਦੀ: ਤਾਰ ਸ਼ੜਜ-ਪੰਚਮ, ਸਮਾਂ: ਅੱਧੀ ਰਾਤ ਤੋਂ ਬਾਅਦ।

੩) ਥਾਟ: ਪੂਰਵੀ, ਜਾਤੀ: ਔੜਵ-ਵਕਰ ਸੰਪੂਰਨ, ਵਾਦੀ: ਤਾਰ ਸ਼ੜਜ, ਸੰਵਾਦੀ-ਪੰਚਮ, ਸੁਰ: ਰਿਸ਼ਭ-ਧੈਵਤ ਕੋਮਲ, ਮਧਿਅਮ ਤੀਵਰ, ਵਰਜਿਤ ਸੁਰ: ਰਿਸ਼ਭ ਆਰੋਹ ਵਿਚ, ਸਮਾਂ: ਬਸੰਤ ਰੁੱਤ ਵਿਚ ਹਰ ਵੇਲੇ।

੪) ਨਿਮਨਲਿਖਤ ਸਰੂਪ ਗੁਰਮਤਿ ਸੰਗੀਤ ਪਰੰਪਰਾ ਦੇ ਵਿਦਵਾਨਾਂ ਤੇ ਰਾਗ ਨਿਰਣਾਇਕ ਕਮੇਟੀ ਨੇ ਪ੍ਰਵਾਨ ਕੀਤਾ ਹੈ। ਬਸੰਤ ਰਾਗ ਦੇ ਇਸ ਰੂਪ ਵਿਚ ਸਾਰੇ ਸੁਰ ਸ਼ੁੱਧ ਹਨ। ਆਰੋਹ ਵਿਚ ਰਿਸ਼ਭ ਅਤੇ ਪੰਚਮ ਹੈ ਅਤੇ ਇਸ ਦੀ ਜਾਤੀ ਔੜਵ ਸੰਪੂਰਨ ਹੈ। ਇਸ ਰਾਗ ਨੂੰ ਬਸੰਤ ਰੁੱਤ ਵਿਚ ਹਰ ਵੇਲੇ ਗਾਇਆ ਵਜਾਇਆ ਜਾ ਸਕਦਾ ਹੈ। ਇਸ ਦਾ ਵਾਦੀ ਸੁਰ ਤਾਰ ਸਪਤਕ ਦਾ ਸ਼ੜਜ ਅਤੇ ਸੰਵਾਦੀ ਮਧਿਅਮ ਹੈ। ਇਸ ਦਾ ਆਰੋਹ: ਸ਼ੜਜ ਗੰਧਾਰ ਮਧਿਅਮ ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ), ਅਵਰੋਹ: ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਪੰਚਮ ਮਧਿਅਮ, ਗੰਧਾਰ ਰਿਸ਼ਭ ਸ਼ੜਜ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਰਾਗ ਬਸੰਤ ਅਧੀਨ ਰਾਗ ਬਸੰਤ ਹਿੰਡੋਲ ਦਾ ਅੰਕਣ ਪੰਨਾ ੧੧੭੧ 'ਤੇ ਕੀਤਾ ਗਿਆ ਹੈ ਜੋ ਬਸੰਤ ਅਤੇ ਹਿੰਡੋਲ ਰਾਗਾਂ ਦੇ ਮਿਸ਼ਰਣ ਤੋਂ ਬਣਿਆ ਹੈ। ਇਸ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਚਾਰ ਪਦੇ, ਇਕ ਅਸ਼ਟਪਦੀ; ਗੁਰੂ ਅਮਰਦਾਸ ਜੀ ਦੇ ਚਾਰ ਇਕ ਪਦਾ; ਗੁਰੂ ਰਾਮਦਾਸ ਜੀ ਪੰਜ ਪਦੇ ਇਕ ਅਸ਼ਟਪਦੀ; ਗੁਰੂ ਅਰਜਨ

ਦੇਵ ਜੀ ਤਿੰਨ ਪਦੇ; ਤੇਗ ਬਹਾਦਰ ਜੀ ਦੇ ਪੰਜ ਪਦੇ; ਭਗਤ ਕਬੀਰ ਜੀ ਤੇ ਰਾਮਾਨੰਦ ਜੀ ਦਾ ਇਕ ਪਦਾ ਬਾਣੀ ਰੂਪ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਹਿੰਡੋਲ ਘਰ ੨ ਮਹਲਾ ੫ ਅਤੇ ਬਸੰਤ ਮਹਲਾ ੫ ਘਰ ੨ ਹਿੰਡੋਲ ਆਦਿ ਸਿਰਲੇਖਾਂ ਅਧੀਨ ਇਸ ਰਾਗ ਨੂੰ ਅੰਕਿਤ ਕੀਤਾ ਗਿਆ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਰਾਗ ਬਸੰਤ ਅਤੇ ਰਾਗ ਹਿੰਡੋਲ ਦਾ ਵੱਖਰਾ-ਵੱਖਰਾ ਉਲੇਖ ਹੈ ਪਰੰਤੂ ਰਾਗ ਬਸੰਤ ਹਿੰਡੋਲ ਦੇ ਬਾਰੇ ਵਿਚ ਸੁਤੰਤਰ ਰੂਪ ਵਿਚ ਕੋਈ ਉਲੇਖ ਪ੍ਰਾਪਤ ਨਹੀਂ ਹੁੰਦਾ। ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਰਾਗ ਬਸੰਤ ਹਿੰਡੋਲ ਦਾ ਉਲੇਖ ਰਾਗ ਕੋਸ਼ ਅਤੇ ਰਾਗ ਵਿਆਕਰਣ ਵਿਚ ਮਿਲਦਾ ਹੈ।

ਬਸੰਤ ਹਿੰਡੋਲ ਰਾਗ ਦੇ ਨਾਦਾਤਮਕ ਸਰੂਪ ਸਬੰਧੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਸੰਗੀਤ ਦੇ ਵਿਦਵਾਨਾਂ ਨੇ ਇਸ ਦੀ ਉਤਪਤੀ ਪੂਰਵੀ ਅਤੇ ਮਾਰਵਾ ਥਾਟ ਤੋਂ ਮੰਨੀ ਹੈ। ਉਨ੍ਹਾਂ ਅਨੁਸਾਰ ਬਸੰਤ ਹਿੰਡੋਲ ਦਾ ਆਪਣਾ ਸੁਤੰਤਰ ਰੂਪ ਹੋਣ ਕਰਕੇ ਇਹ ਆਪਣੀ ਅਲੱਗ ਹੋਂਦ ਰੱਖਦਾ ਹੈ। ਰਾਗ ਨਿਰਣਾਇਕ ਕਮੇਟੀ ਨੇ ਬਸੰਤ ਹਿੰਡੋਲ ਦੇ ਸਰੂਪ ਵਿਚ ਇਸ ਦੀ ਜਾਤੀ ਔੜਵ-ਸੰਪੂਰਨ ਪ੍ਰਵਾਨ ਕੀਤੀ ਹੈ। ਇਸ ਵਿਚ ਵਾਦੀ ਸ਼ੜਜ ਅਤੇ ਸੰਵਾਦੀ ਪੰਚਮ ਮੰਨਿਆ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਧੈਵਤ ਦੋਵੇਂ ਵਰਤੇ ਜਾਂਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ-ਪੰਚਮ ਸੁਰ ਵਰਜਿਤ ਹਨ ਅਤੇ ਗਾਇਨ ਦਾ ਸਮਾਂ ਰਾਤ ਦਾ ਤੀਸਰਾ ਪਹਿਰ ਮੰਨਿਆ ਗਿਆ ਹੈ।

ਕੁਝ ਵਿਦਵਾਨਾਂ ਵਿਚ ਬਸੰਤ ਹਿੰਡੋਲ ਰਾਗ ਨੂੰ ਕਲਿਆਣ ਅੰਗ ਤੋਂ ਗਾਉਣ ਦੀ ਪ੍ਰਥਾ ਹੈ। ਇਸ ਵਿਚ ਰਾਗ ਦਾ ਵਾਦੀ ਸੁਰ ਸ਼ੜਜ ਸੰਵਾਦੀ ਗੰਧਾਰ ਅਤੇ ਗਾਇਨ ਸਮਾਂ ਬਸੰਤ ਰੁੱਤ ਦਾ ਮੰਨਿਆ ਜਾਂਦਾ ਹੈ। ਇਸ ਆਰੋਹ-

ਅਵਰੋਹ ਵਿਚ 'ਰੇ' ਅਤੇ 'ਪ' ਸੁਰ ਵਰਜਿਤ ਹੋਣ ਕਰਕੇ ਇਸ ਰਾਗ ਦੀ ਜਾਤੀ ਔੜਵ-ਔੜਵ ਮੰਨੀ ਗਈ ਹੈ।

ਬਸੰਤ ਹਿੰਡੋਲ ਰਾਗ ਦਾ ਇਕ ਹੋਰ ਸਰੂਪ ਮਾਰਵਾ ਥਾਟ ਮਿਲਦਾ ਹੈ। ਇਸ ਰਾਗ ਦੇ ਆਰੋਹ ਵਿਚ ਪੰਚਮ ਤੇ ਨਿਸ਼ਾਦ ਅਤੇ ਅਵਰੋਹ ਵਿਚ ਪੰਚਮ ਸੁਰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸ਼ਾੜਵ ਮੰਨੀ ਗਈ ਹੈ। ਇਸ ਰਾਗ ਦਾ ਵਾਦੀ ਸੁਰ ਗੰਧਾਰ ਤੇ ਸੰਵਾਦੀ ਧੈਵਤ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਅੱਧੀ ਰਾਤ ਤੋਂ ਬਾਅਦ ਦਾ ਮੰਨਿਆ ਗਿਆ ਹੈ।

ਕੁਝ ਵਿਦਵਾਨਾਂ ਅਨੁਸਾਰ ਇਸ ਰਾਗ ਵਿਚ ਦੋਵੇਂ ਮਧਿਅਮ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਇਸ ਦੀ ਜਾਤੀ ਵਕਰ ਸ਼ਾੜਵ-ਔੜਵ ਮੰਨੀ ਜਾਂਦੀ ਹੈ। ਇਸ ਰਾਗ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਸਵੇਰ ਦਾ ਮੰਨਿਆ ਗਿਆ ਹੈ ਪਰੰਤੂ ਵਰਖਾ ਰੁੱਤ ਵਿਚ ਹਰ ਸਮੇਂ ਗਾਇਨ ਕਰਨ ਦਾ ਪ੍ਰਚਲਨ ਹੈ।

ਉਕਤ ਰਾਗਾਂ ਦੇ ਅਧੀਨ ੨੦ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਉਕਤ ਰਾਗਾਂ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ
www.gurmatsangeetpup.com,
www.sikh-relics.com,
www.vismaadnaad.org ਵੈਬਸਾਈਟਸ ਤੇ ਸੁਣ ਸਕਦੇ ਹਾਂ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਬਸੰਤ ਦੇ ਚਿਤਰ ਉਪਲਬਧ ਹਨ। ਪ੍ਰਸਿੱਧ ਸਿੱਖ ਚਿੱਤਰਕਾਰ ਦੇਵਿੰਦਰ ਸਿੰਘ ਹੁਰਾਂ ਤੋਂ ਬਾਣੀ 'ਤੇ ਆਧਾਰਿਤ ਰਾਗਾਂ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ ‘ਤੇ ਆਧਾਰਿਤ ਰਾਗਾਂ ਦੇ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, ੧੯੯੨ ਲਈ ਤਿਆਰ ਕਰਵਾਏ ਗਏ ਸਨ, ਜਿਸ ਤੋਂ ਰਾਗਾਂ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

*ਬਾਨੀ, ਪ੍ਰੋਫੈਸਰ, ਅਤੇ ਮੁਖੀ
ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਉਨਿਵਰਸੀਟੀ, ਪਟਿਆਲਾ

# ਬਸੰਤ ਅਤੇ ਗੁਰਦੁਆਰਾ ਦੂਖਨਿਵਾਰਨ ਸਾਹਿਬ

ਪ੍ਰੋ. ਨਵਸੰਗੀਤ ਸਿੰਘ

ਭਾਰਤ ਵਿੱਚ ਛੇ ਰੁੱਤਾਂ ਮਨਾਈਆਂ ਜਾਂਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ "ਰਾਮਕਲੀ ਮਹਲਾ ੫" ਵਿੱਚ 'ਰੁਤੀ' (ਪੰਨਾ ੯੨੭-੯੨੯) ਸਿਰਲੇਖ ਹੇਠ ਇਨ੍ਹਾਂ ਛੇ ਰੁੱਤਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:

੧. ਸਰਸ ਬਸੰਤ (ਬਸੰਤ) (ਚੇਤ-ਵਿਸਾਖ) :

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥

(ਪੰਨਾ ੯੨੭)

੨. ਗ੍ਰੀਖਮ (ਗਰਮੀ) (ਜੇਠ-ਹਾੜ੍ਹ) (ਪੰਨਾ ੯੨੮)

੩. ਬਰਸੁ (ਵਰਖਾ) (ਸਾਵਣ-ਭਾਦੋਂ) (ਪੰਨਾ ੯੨੮)

੪. ਸਰਦ (ਸਰਦੀ) (ਅੱਸੂ-ਕੱਤਕ) (ਪੰਨਾ ੯੨੮)

੫. ਸਿਸੀਅਰ (ਸਿਆਲ) (ਮੱਘਰ-ਪੋਹ) (ਪੰਨਾ ੯੨੯)

੬. ਹਿਮਕਰ (ਪਿਛੇਤਰੀ ਸਰਦੀ) (ਮਾਘ-ਫੱਗਣ) (ਪੰਨਾ ੯੨੯)

ਬਸੰਤ ਰੁੱਤ ਨੂੰ 'ਰਿਤੂ ਰਾਜ' ਯਾਨੀ "ਰੁੱਤਾਂ ਦੀ ਰਾਣੀ" ਕਿਹਾ ਜਾਂਦਾ ਹੈ। ਇਸ ਰੁੱਤ ਦਾ ਸਮਾਂ ਗੁਰੂ ਅਰਜਨ ਦੇਵ ਜੀ ਮੁਤਾਬਕ ਚੇਤ-ਵਿਸਾਖ ਹੈ। ਪਰੰਤੂ ਪੁਰਾਤਨ ਮਰਿਆਦਾ ਅਨੁਸਾਰ ਪੋਹ ਮਹੀਨੇ ਦੇ ਆਖ਼ਰੀ ਦਿਨ ਗੁਰਦੁਆਰਿਆਂ ਵਿੱਚ ਬਸੰਤ ਰਾਗ ਦੀ ਸ਼ੁਰੂਆਤ ਹੋ ਜਾਂਦੀ ਹੈ, ਜੋ ਕਿ ਹੋਲੇ-ਮਹੱਲੇ ਤੱਕ ਚੱਲਦੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸੀਆ ਸਿੰਘ ਮਾਘੀ ਤੋਂ ਇੱਕ ਦਿਨ ਪਹਿਲਾਂ ਰਾਤ ਨੌਂ ਵਜੇ ਗੁਰੂ-ਚਰਨਾਂ ਵਿੱਚ ਬਸੰਤ ਰਾਗ ਸ਼ੁਰੂ ਕਰਨ ਦੀ ਆਗਿਆ ਲੈਂਦਾ ਹੈ ਤੇ ਫਿਰ ਕੀਰਤਨੀਏ ਸਿੰਘ ਸ਼ਬਦ ਦਾ ਬਸੰਤ ਰਾਗ ਵਿੱਚ ਗਾਇਨ ਕਰਦੇ ਹਨ। ਇਸ ਤਰ੍ਹਾਂ ਹਰ ਰੋਜ਼ ਕੀਰਤਨੀਏ ਸਿੰਘ ਪਹਿਲਾ ਸ਼ਬਦ ਬਸੰਤ ਰਾਗ ਵਿੱਚੋਂ ਹੀ ਗਾਇਨ ਕਰਦੇ ਹਨ। ਹਰ ਕੀਰਤਨੀ ਜੱਥਾ ਬਸੰਤ ਕੀ ਵਾਰ ਮਹਲ ੫ ਦੀਆਂ ਪਉੜੀਆਂ ਦਾ ਗਾਇਨ ਵੀ ਕਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ੩੧ ਰਾਗ ਹਨ, ਜਿਨ੍ਹਾਂ ਵਿੱਚ ਬਸੰਤ ਰਾਗ ਵੀ ਸ਼ਾਮਲ ਹੈ, ਜਿਸਦਾ ਜ਼ਿਕਰ ਕ੍ਰਮ ੨੫ ਉੱਤੇ ਆਉਂਦਾ ਹੈ। ਇਹ ਰਾਗ ਪੰਨਾ ਨੰ ੧੧੬੮ ਤੋਂ ੧੧੯੬ ਤੱਕ ਸੁਭਾਇਮਾਨ ਹੈ।

ਬਸੰਤ ਰੁੱਤ ਦੇ ਪ੍ਰਥਾਇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੁਝ ਪੰਕਤੀਆਂ ਵੇਖਣਯੋਗ ਹਨ:

* ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥

(ਬਸੰਤ ਮ: ੧, ੧੧੬੮)

* ਰੁਤਿ ਆਈਲੇ ਸਰਸ ਬਸੰਤ ਮਾਹਿ॥

(ਬਸੰਤ ਮ: ੧, ੧੧੬੮)

* ਮਾਹਾ ਰੁਤੀ ਮਹਿ ਸਦ ਬਸੰਤੁ॥

(ਬਸੰਤ ਮ: ੩, ੧੧੭੨)

* ਬਨਸਪਤਿ ਮਉਲੀ ਚੜਿਆ

(ਬਸੰਤ ਮ: ੩, ੧੧੭੬)

* ਮਉਲੀ ਧਰਤੀ ਮਉਲਿਆ ਅਕਾਸੁ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥
(ਬਸੰਤ, ਭਗਤ ਕਬੀਰ ਜੀ, ੧੧੯੩)

ਬਸੰਤ ਰੁੱਤ ਵਿੱਚ ਵਾਤਾਵਰਣ ਅਕਸਰ ਸੁਹਾਵਣਾ ਹੁੰਦਾ ਹੈ। ਯਾਨੀ ਨਾ ਬਹੁਤੀ ਸਰਦੀ, ਨਾ ਬਹੁਤੀ ਗਰਮੀ। ਇਸੇ ਲਈ ਕਿਹਾ ਜਾਂਦਾ ਹੈ -

'ਆਈ ਬਸੰਤ ਪਾਲ਼ਾ ਉਡੰਤ'। ਇਸ ਰੁੱਤ ਦੀ ਵਿਸ਼ੇਸ਼ਤਾ ਹੈ - ਮੌਸਮ ਦਾ ਥੋੜ੍ਹਾ ਜਿਹਾ ਗਰਮ ਹੋਣਾ, ਫੁੱਲਾਂ ਦਾ ਖਿੜਨਾ, ਪੌਦਿਆਂ ਦਾ ਹਰਾ-ਭਰਾ ਹੋਣਾ ਅਤੇ ਬਰਫ਼ ਦਾ ਪਿਘਲਣਾ। ਇਹ ਇੱਕ ਸੰਤੁਲਿਤ ਮੌਸਮ ਹੈ। ਇਸ ਮੌਸਮ ਵਿੱਚ ਚਾਰੇ ਪਾਸੇ ਹਰਿਆਲੀ ਹੁੰਦੀ ਹੈ। ਰੁੱਖਾਂ ਤੇ ਨਵੇਂ ਪੱਤੇ ਆਉਂਦੇ ਹਨ। ਸੁਹਾਵਣਾ ਮੌਸਮ ਹੋਣ ਕਰਕੇ ਕਈ ਲੋਕ ਬਾਗਾਂ ਤੇ ਦੂਰ-ਦੁਰਾਡੀਆਂ ਥਾਂਵਾਂ ਤੇ ਸੈਰ-ਸਪਾਟੇ/ਘੁੰਮਣ-ਫਿਰਨ ਜਾਂਦੇ ਹਨ। ਭਾਰਤ ਦਾ ਮੁੱਖ ਤਿਉਹਾਰ ਹੋਲੀ ਬਸੰਤ ਰੁੱਤ ਵਿੱਚ ਹੀ ਮਨਾਇਆ ਜਾਂਦਾ ਹੈ। ਬਸੰਤ ਪੰਚਮੀ ਅਤੇ ਸ਼ਿਵਰਾਤਰੀ ਵੀ ਇਸੇ ਰੁੱਤ ਦੇ ਹੋਰ ਤਿਉਹਾਰ ਹਨ।

ਪੌਰਾਣਿਕ ਕਥਾ ਅਨੁਸਾਰ ਬਸੰਤ ਨੂੰ ਕਾਮਦੇਵ ਦਾ ਪੁੱਤਰ ਕਿਹਾ ਗਿਆ ਹੈ। ਭਾਰਤੀ ਸੰਗੀਤ, ਗੁਰਮਤਿ ਸੰਗੀਤ, ਸਾਹਿਤ ਅਤੇ ਕਲਾ ਵਿੱਚ ਬਸੰਤ ਦਾ ਮਹੱਤਵਪੂਰਣ ਸਥਾਨ ਹੈ। ਸੰਗੀਤ ਵਿੱਚ ਖਾਸ ਰਾਗ ਬਸੰਤ ਦੇ ਨਾਂ ਤੇ ਵੀ ਹੈ, ਜੀਹਨੂੰ 'ਰਾਗ ਬਸੰਤ' ਕਹਿੰਦੇ ਹਨ। ਬਸੰਤ ਰਾਗ ਤੇ ਚਿੱਤਰ ਵੀ ਬਣਾਏ ਹੋਏ ਮਿਲਦੇ ਹਨ।

ਭਾਰਤੀ ਕਵਿਤਾ ਵਿੱਚ ਬਸੰਤ ਉੱਤੇ ਕਾਫੀ ਕੁਝ ਲਿਖਿਆ ਮਿਲਦਾ ਹੈ। ਹਫ਼ੀਜ਼ ਜਲੰਧਰੀ ਦਾ ਲਿਖਿਆ ਇੱਕ ਗੀਤ, ਜਿਸਨੂੰ ਮਲਿਕਾ ਪੁਖ਼ਰਾਜ

ਅਤੇ ਤਾਹਿਰਾ ਸਈਦ ਨੇ ਆਪਣੀ ਪੁਰਖ਼ੁਲੂਸ ਆਵਾਜ਼ ਵਿੱਚ ਗਾਇਆ ਹੈ, ਦੀਆਂ ਆਰੰਭਿਕ ਪੰਕਤੀਆਂ ਪੜ੍ਹਨਯੋਗ ਹਨ :

ਲੋ ਫਿਰ ਬਸੰਤ ਆਈ।

ਫੂਲੋਂ ਪੇ ਰੰਗ ਲਾਈ।

ਚਲੋ ਬੇ ਦਰੰਗ।

ਲਬੇ ਆਬੇ ਰੰਗ।

ਬਜੇ ਜਲ ਤਰੰਗ।

ਮਨ ਪਰ ਉਮੰਗ ਛਾਈ।

ਪੰਜਾਬੀ ਦੇ ਹੋਰ ਕਵੀਆਂ ਖਾਸ ਕਰਕੇ ਧਨੀ ਰਾਮ ਚਾਤ੍ਰਿਕ ਆਦਿ ਨੇ ਵੀ ਬਸੰਤ ਬਾਰੇ ਬਹੁਤ ਖ਼ੂਬਸੂਰਤ ਕਵਿਤਾਵਾਂ ਦੀ ਰਚਨਾ ਕੀਤੀ ਹੈ। ਇਸੇ ਸੰਦਰਭ ਵਿੱਚ ਮਰਹੂਮ ਕਵੀ ਸੁਰਜੀਤ ਪਾਤਰ ਦੀਆਂ ਇਹ ਪੰਕਤੀਆਂ ਵੀ ਵੇਖਣਯੋਗ ਹਨ :


ਵਜਦਾ ਬਸੰਤ ਰਾਗ ਹੈ ਜੋ ਰੇਡੀਓ ਤੇ ਰੋਜ਼

ਮਤਲਬ ਨਾ ਲੈ ਕਿ ਪੌਣ ਪਤਝੜ ਦੀ ਤੁਰੀ ਨਹੀਂ।

ਕੁਛ ਲੋਗ ਸਮਝਦੇ ਨੇ ਬੱਸ ਇੰਨਾ ਕੁ ਰਾਗ ਨੂੰ


ਸੋਨੇ ਦੀ ਹੈ ਜੇ ਬਾਂਸੁਰੀ ਤਾਂ ਬੇਸੁਰੀ ਨਹੀਂ।

ਪਟਿਆਲਾ ਵਿਖੇ ਬਸੰਤ ਪੰਚਮੀ ਦਾ ਆਪਣਾ ਹੀ ਜਲੌਅ ਹੈ। ਉਂਜ ਤਾਂ ਹਰ ਪੰਚਮੀ ਨੂੰ ਸੰਗਤ ਬੜੀ ਹੁੰਮਹੁੰਮਾ ਕੇ ਗੁਰੂ ਤੇਗ਼ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ



ਨਤਮਸਤਕ ਹੁੰਦੀ ਹੈ । ਪਰ ਏਥੇ ਬਸੰਤ ਪੰਚਮੀ ਦਾ ਸਾਲਾਨਾ ਜੋੜਮੇਲ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਬਸੰਤ ਪੰਚਮੀ ਵਾਲੇ ਦਿਨ ਸੰਗਤ ਅੱਧੀ ਰਾਤ ਤੋਂ ਹੀ ਪਾਵਨ ਸਰੋਵਰ ਵਿੱਚ ਇਸ਼ਨਾਨ ਕਰਕੇ ਆਪਣੇ ਦੁਖਾਂ-ਰੋਗਾਂ ਤੋਂ ਮੁਕਤੀ ਦੀ ਅਰਦਾਸ ਕਰਦੀ ਹੈ। ਇਸ

ਵਾਰ ਇਹ ਸਮਾਗਮ ੧, ੨ ਫ਼ਰਵਰੀ ੨੦੨੫ (੧੯, ੨੦ ਮਾਘ) ਨੂੰ ਆਯੋਜਿਤ ਹੋ ਰਿਹਾ ਹੈ, ਜਿਸ ਵਿੱਚ ਕਵੀ ਦਰਬਾਰ, ਗੁਰਮਤਿ ਸਮਾਗਮ, ਢਾਡੀ ਦਰਬਾਰ ਅਤੇ ਬਸੰਤ ਰਾਗ ਕੀਰਤਨ ਦਰਬਾਰ ਦੀ ਅਲੌਕਿਕ ਪੇਸ਼ਕਾਰੀ ਹੋਵੇਗੀ। ਇਸਦੇ ਨਾਲ ਹੀ ਪਟਿਆਲੇ ਦੇ ਗੁਰਦੁਆਰਾ ਸਿੰਘ ਸਭਾ ਮਾਲ ਰੋਡ ਵਿਖੇ ਬਸੰਤ ਰੁੱਤ 'ਤੇ ਸਾਲਾਨਾ ਅਖੰਡ ਕੀਰਤਨ ਸਮਾਗਮ ੬ ਤੋਂ ੯ ਫ਼ਰਵਰੀ ਤੱਕ ਆਯੋਜਿਤ ਹੋਵੇਗਾ।




ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਦੀ ਇਸ ਲਈ ਵੀ ਮਹੱਤਾ ਹੈ ਕਿਉਂਕਿ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਹੁਕਮਨਾਮੇ (ਜੋ ਹੁਣ ਗੁ. ਦੂਖ ਨਿਵਾਰਨ ਸਾਹਿਬ ਵਿਖੇ ਸੁਸ਼ੋਭਿਤ ਹੈ) ਰਾਹੀਂ ਏਥੇ (ਜੋ ਉਦੋਂ

ਲਹਿਲ ਪਿੰਡ ਸੀ) ਬਸੰਤ ਪੰਚਮੀ ਦਾ ਤਿਉਹਾਰ ਮਨਾਏ ਜਾਣ ਦੇ ਆਦੇਸ਼ ਦਿੱਤੇ ਸਨ। ਇਸ ਹੁਕਮਨਾਮੇ ਦਾ ਮੂਲ ਖਰੜਾ ਇਸ ਪ੍ਰਕਾਰ ਹੈ:

ੴ ਸਤਿਗੁਰ ਪ੍ਰਸਾਦਿ॥ ਹੁਕਮਨਾਮਾ

ੴ ਅਕਾਲ ਜੀ ਸਹਾਏ

ਸ੍ਰੀ ਗੁਰੂ ਤੇਗ ਬਹਾਦਰ ਜੀ ਸਾਹਿਬ ਨੂੰ ਭਾਗ ਰਾਮ ਝਿਉਰ ਬੇਨਤੀ ਕਰਤ ਭਇ ਜੀ ਲਾਹਲ ਗਾਵੇਂ ਬਿਮਾਰੀ ਜਾਂਦੀ ਨਹੀਂ ਸਚੇ ਸਾਹਿਬ ਸਫਾਬਾਦ ਤੋਂ ਉਠ ਕੇ ਲਾਹਲ ਗਾਵੇਂ ਦੇ ਪਹਾੜ ਓਰ ਕਰੀਬਣ ਸਤ ਆਠ ਸੌ ਤੌਰ ਬੋਹੜ ਦੇ ਤਲੇ ਆਣ ਬਰਾਜਤ ਭਏ, ਯੀਹਾਂ ਟੋਬੜ ਮੇ ਚਰਨ ਧੋਬਤ ਭਏ, ਹੁਕਮ ਹੋਇਆ ਏਥੇ ਜੋ ਕੋਈ ਰੋਗੀ ਸ਼ਰਧਾ ਸਹਿਤ ਅਸ਼ਨਾਨ ਕਰੇਗਾ ਉਸ ਦੇ ਸਭੇ ਰੋਗ ਖੰਡੀਏਂਗੇ। ਇਥੇ ਥੜਾ ਬਣਾਉ, ਲੰਗਰ ਚਲਾਉ। ਹੁਕਮ ਹੋਇਆ ਜੋ ਏਥੇ ਬਸੰਤ ਪੰਚਮੀ ਨੂੰ ਅਸ਼ਨਾਨ ਕਰੇਗਾ, ਉਸ ਨੂੰ ਸਭ ਤੀਰਥਾਂ ਦਾ ਫ਼ਲ ਪਰਾਪਤ ਹੋਏਗਾ। ਸੰਗਤ ਬੇਨਤੀ ਕਰਤ ਭਈ ਜੀ ਇਥੇ ਅਬਾਦੀ ਹੁੰਦੀ ਨਹੀਂ ਅਬਾਦੀ ਹੋਵੇ ਜੀ ਹੁਕਮ ਹੋਇਆ ਏਥੇ ਰੌਣਕ ਬਹੁਤ ਹੋਵੇਗੀ। ਏਥੇ ਗੁਰਸਿਖ ਹੋਸੀ ਰਾਜਧਾਨ, ਸੇਵਾ ਕਰਸੀ ਗੁਰਧਾਮ, ਉਗਾ ਹੋਸੀ ਸਭ ਜਹਾਨ, ਜੋ ਕੋਈ ਸੇਵ ਕਮਾਵੈ ਮਨਬਾਂਛਤ ਫਲ ਪਾਵੈ। ਕਰਮਾਂ ਦੇਵੀ ਖਤਰਾਣੀ ਚਰਨੀ

ਡਿਗੀ ਜੀ ਅਠਰਾਏ ਨਾਲ ਬਾਲ ਸ਼ਾਂਤ ਹੋ ਜਾਂਦੈ ਹੈ ਜੀ ਹੁਕਮ ਹੋਇਆ ਏਥੇ ਅਸ਼ਨਾਨ ਕਰ ਸੋ ਦੂਰ ਹੋਸੀ, ਕੋਈ ਰੋਗ ਨਾ ਰਹਿਸੀ, ਏਥੇ ਦਿਨ ਖੋੜਸ ਮਾਘ ਸ਼ੁਕਲ ਪੰਚਮੀ ਸਤਾਰਾਂ ਸੌ ਅਠਾਈਸ ਸਭ ਸੰਗਤ ਕੋ ਖੁਸ਼ੀ ਕਰਤ ਭਏ। ਜੋ ਹੁਕਮ ਨਾਮੇ ਦੇ ਦਰਸ਼ਨ ਪਾਵੇਗਾ ਸੋ ਮੇਰੇ ਦਰਸ਼ਨ ਪਾਵੇਗਾ ਗੁਰਧਾਮ ਕੋ ਜਾਵੇਗਾ ਸਭ ਸੁਖ ਪਾਵੇਗਾ ਜਮ ਧਾਮ ਨਾ ਜਾਵੇਗਾ। ਸਮਾਪਤੰ॥

ਇਸ ਪ੍ਰਕਾਰ ਬਸੰਤ ਪੰਚਮੀ ਦੇ ਤਿਉਹਾਰ ਦੀ ਪਟਿਆਲਾ ਗੁਰਦੁਆਰਾ ਦੂਖ ਨਿਵਾਰਨ ਵਿਖੇ ਬੜੀ ਮਾਨਤਾ ਤੇ ਮਹਾਨਤਾ ਹੈ।

# 1, ਲਤਾ ਗਰੀਨ ਐਨਕਲੇਵ, ਪਟਿਆਲਾ

ਸੰਪਰਕ: 9417692015

# ਭਗਤ ਰਵਿਦਾਸ ਬਾਣੀ ਵਿਚ ਪ੍ਰਸਤੁਤ ਗਾਇਨ ਸੈਲੀਆਂ

*ਡਾ. ਹਰਜਸ ਕੌਰ

ਭਗਤ ਰਵਿਦਾਸ ਜੀ ਭਗਤੀ ਲਹਿਰ ਦੇ ਨਿਰਗੁਣਧਾਰਾ ਦੇ ਮਹਾਨ ਸੰਤ ਕਵੀ ਅਤੇ ਸੰਗੀਤਕਾਰ ਹਨ ਜਿਨ੍ਹਾਂ ਦਾ ਅਧਿਆਤਮਕ ਜਗਤ ਵਿਚ ਸਤਿਕਾਰਯੋਗ ਸਥਾਨ ਹੈ। ਭਗਤੀ ਲਹਿਰ ਮੱਧ ਕਾਲ ਦਾ ਇਕ ਵਿਸ਼ਾਲ ਅੰਦੋਲਨ ਹੈ ਜਿਸਨੇ ਭਾਰਤੀ ਅਧਿਆਤਮਕ, ਸਮਾਜਿਕ ਅਤੇ ਰਾਜਨੀਤਕ ਚੇਤਨਾ ਨੂੰ ਪ੍ਰਭਾਵਿਤ ਕਰਦਿਆਂ ਇਸਨੂੰ ਨਵੀਨ ਸਾਤਵਿਕ ਮੁੱਲ ਪ੍ਰਦਾਨ ਕੀਤੇ।ਭਗਤੀ ਲਹਿਰ ਦੇ ਹੋਂਦ ਵਿਚ ਆਉਣ ਬਾਰੇ ਵਿਦਵਾਨਾਂ ਨੇ ਵੱਖ - ਵੱਖ ਵਿਚਾਰ ਪ੍ਰਸਤੁਤ ਕੀਤੇ ਹਨ। ਇਸਦਾ ਆਰੰਭ ਦੱਖਣ ਤੋਂ ਹੋਇਆ ਅਤੇ ਇਹ ਸਮਸਤ ਭਾਰਤ ਵਿਚ ਫੈਲ ਗਈ।ਭਾਰਤ ਦੇ ਦੱਖਣ ਅਤੇ ਉੱਤਰ ਵਿਚ ਦੈਵੀ ਪ੍ਰੇਮ ਤੇ ਆਧਾਰਿਤ ਬ੍ਰਹਮਵਾਦ ਦੀ ਅਭਿਵਿਅਕਤੀ ਇਲਕਾਈ ਭਾਸ਼ਾਵਾਂ ਵਿਚ ਹੋਈ। ਇਸ ਅਭਿਵਿਅਕਤੀ ਦੇ ਪ੍ਰਮੁੱਖ ਅਭਿਵਿਅਕਤਾ ਜੋ ਬਾਅਦ ਵਿਚ ਭਗਤੀ

---

* ਐਸੋਸੀਏਟ ਪ੍ਰੋਫੈਸਰ, ਸੰਗੀਤ ਵਿਭਾਗ, ਸਰਕਾਰੀ ਕਾਲਜ, ਰੂਪਨਗਰ।

ਲਹਿਰ ਦੇ ਪ੍ਰਚਾਰਕ ਵੀ ਮੰਨੇ ਗਏ, ਨੀਵੀਆਂ ਜਾਤੀਆਂ ਦੇ ਰੌਸ਼ਨ ਦਿਮਾਗ ਅਧਿਆਤਮ ਜੀਵੀ ਸਨ।

ਭਗਤੀ ਲਹਿਰ ਦਾ ਆਰੰਭ ਇਕ ਧਾਰਮਿਕ ਅੰਦੋਲਨ ਵਜੋਂ ਹੋਇਆ। ਇਸ ਅਧੀਨ ਪ੍ਰਯੋਗ ਕੀਤੇ ਗਏ ਕਾਵਿ ਨੂੰ ਭਗਤੀ- ਕਾਵਿ ਕਿਹਾ ਜਾਂਦਾ ਹੈ ਅਤੇ ਭਗਤੀ ਕਾਵਿ ਦੀ ਪ੍ਰਸਤੁਤੀ ਲਈ ਪ੍ਰਯੋਗ ਕੀਤੇ ਗਏ ਸੰਗੀਤ ਨੂੰ ਭਗਤੀ ਸੰਗੀਤ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਭਗਤੀ ਲਹਿਰ ਆਪਣੀ ਪਿੱਠ ਭੂਮੀ ਨਾਥ ਅਤੇ ਜੋਗੀ, ਸੂਫੀ ਸੰਪਰਦਾਵਾਂ ਦੇ ਪ੍ਰਭਾਵ ਤੋਂ ਉਪਜੀ ਹੋਣ ਕਰਕੇ ਇਸਦਾ ਮੁਖ ਉਦੇਸ਼ ਸਰਗੁਣ ਸੀ ਜੋ ਬਾਅਦ ਵਿਚ ਨਿਰਗੁਣ ਉਪਾਸਨਾ ਦੀ ਧਾਰਣਾ ਵੀ ਬਣੀ।ਇਸ ਪਰੰਪਰਾ ਅਧੀਨ 0ਸੰਤ0 ਭਗਤ ਜਨਾਂ ਵਿਚ ਰਾਮ ਦੀ ਨਿਰਗੁਣ ਭਗਤੀ ਕੀਤੀ ਜਾਂਦੀ ਸੀ ਜਿਸ ਦਾ ਪ੍ਰਚਾਰ ਭਗਤ ਕਬੀਰ,ਰਵਿਦਾਸ ਜੀ ਆਦਿ ਨੇ ਕੀਤਾ।ਇਨ੍ਹਾਂ ਭਗਤਾਂ ਦੀਆਂ ਰਚਨਾਵਾਂ ਉਪਰ ਰਾਗ ਸਿਰਲੇਖ ਵਜੋਂ ਅੰਕਿਤ ਹਨ। ਉਨ੍ਹਾਂ ਨੇ ਆਪਣੇ ਪਦਿਆਂ ਨੂੰ ਵਿਸ਼ਿਸ਼ਟ ਸੰਗੀਤ ਨਿਯਮਾਂ ਸਹਿਤ ਰਾਗਾਂ ਅਧੀਨ ਗਾਇਆ ਅਤੇ ਪ੍ਰਚਾਰਿਆ।

ਭਗਤ ਰਵਿਦਾਸ ਜੀ ਨੇ ਬਾਣੀ ਰਚਨਾ ਕੀਤੀ। ਉਨ੍ਹਾਂ ਦੁਆਰਾ ਰਚੀ ਬਾਣੀ ਦੇ ਗ੍ਰੰਥ ਹੱਥ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਦੇ ਰੂਪ ਵਿਚ ਬਹੁਤ ਥਾਵਾਂ ਤੇ ਸੁਰੱਖਿਅਤ ਹਨ।ਉਹਨਾਂ ਵਿਚੋਂ ਹੱਥ ਲਿਖਤ ਦਾਦੂ ਸੰਸਕ੍ਰਿਤ ਮਹਾਂਵਿਦਿਆਲਾ ਜੈਪੁਰ, ਸਿਟੀ ਪੈਲੇਸ ਜੈਪੁਰ, ਭਾਰਤੀ ਵਿੱਦਿਆ ਮੰਦਰ ਬੀਕਾਨੇਰ, ਜੋਧਪੁਰ,ਉਦੇਪੁਰ, ਬਨਾਰਸ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਸਿੱਖ ਰਿਸੋਰਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਪਏ ਹਨ[1] । ਭਗਤ ਰਵਿਦਾਸ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਬਾਣੀਕਾਰ ਦਾ ਦਰਜਾ ਦਿੱਤਾ । ਭਗਤ ਰਵਿਦਾਸ ਜੀ ਦੇ 40 ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤੇ ਜੋ ਪ੍ਰਮਾਣਿਕਤਾ ਦਾ ਪ੍ਰਤੱਖ ਪ੍ਰਮਾਣ ਹੈ।ਭਗਤ ਰਵਿਦਾਸ ਜੀ ਨੇ ਪਦੇ, ਅਸਟਪਦੀ ਅਤੇ ਸ਼ਲੋਕ ਸ਼ਾਸਤਰੀ ਗਾਇਨ ਸ਼ੈਲੀਆਂ ਦੇ ਨਾਲ-ਨਾਲ ਲੋਕ ਗਾਇਨ ਸੈਲੀ ਆਰਤੀ ਦਾ ਵੀ ਆਪਣੀ ਬਾਣੀ ਦੇ ਗਾਇਨ ਹਿਤ ਪ੍ਰਯੋਗ ਕੀਤਾ। ਭਗਤ ਰਵਿਦਾਸ ਜੀ ਦੀ ਬਾਣੀ ਤੋਂ ਕਾਵਿ ਪ੍ਰਤਿਭਾ ਦੀ ਝਲਕ ਮਿਲਦੀ ਹੈ ਉਥੇ ਇਹ ਸੰਗੀਤ ਦੀ ਸੂਖਸਮ ਸੂਝ ਦੇ ਮਾਲਿਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੀ ਵਲੋਂ ਪ੍ਰਯੋਗ ਕੀਤੀਆਂ ਗਈਆਂ ਗਾਇਨ ਸ਼ੈਲੀਆਂ ਬਾਰੇ ਵਿਚਾਰ ਇਸ ਤਰ੍ਹਾਂ ਹੈ।

# ਅਸ਼ਟਪਦੀ

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਦੀ ਪ੍ਰਸਤੁਤੀ ਲਈ ਭਾਰਤੀ ਸੰਗੀਤ ਵਿਚ ਮੱਧਕਾਲ ਵਿਚ ਪ੍ਰੱਚਲਿਤ ਪ੍ਰਬੰਧ ਗਾਇਨ ਸ਼ੈਲੀ ਅੰਗ ਤੋਂ ਅਸ਼ਟਪਦੀ ਦਾ ਕਾਵਿਕ ਅਤੇ ਸੰਗੀਤਕ ਰੂਪ ਸਨਾਤਨੀ ਉੱਚਤਾ ਦਾ ਧਾਰਣੀ ਹੈ। ਅਸ਼ਟਪਦੀ ਸ਼ਬਦ ਤੋਂ ਸਪਸ਼ਟ ਹੈ ਕਿ ਅੱਠ ਪਦਿਆਂ (ਅਸ਼ਟ ਪਦ) ਦਾ ਸੰਗ੍ਰਹਿ ਹੈ। ਇਹ ਸਨਾਤਨੀ ਕਾਵਿ ਦੇ ਅੰਤਰਗਤ ਆਉਣ ਵਾਲਾ ਪ੍ਰੱਚਲਿਤ ਤੇ ਸਥਾਪਿਤ ਕਾਵਿ ਰੂਪ ਹੈ ਜਿਸ ਵਿਚ ਦਰਸ਼ਨ ਤੇ ਧਰਮ ਦੇ ਵਿਭਿੰਨ ਸਿਧਾਂਤਾਂ ਦਾ ਵਰਣਨ ਹੈ। ਅਸ਼ਟਪਦੀ ਅਧੀਨ ਗੰਭੀਰ ਕਿਸਮ ਦੇ ਬੌਧਿਕ ਵਿਚਾਰਾਂ ਦਾ ਪ੍ਰਗਟਾਵਾ ਹੈ।

ਅੱਠ ਪਦਾਂ ਦੀ ਰਚਨਾ ਨੂੰ ਅਸ਼ਟਪਦੀ ਕਹਿੰਦੇ ਹਨ।ਇਸ ਕਾਵਿ ਰੂਪ ਦਾ ਕੋਈ ਖਾਸ ਤੋਲ ਤੁਕਾਂਤ ਨਹੀਂ। ਹਾਂ ਇਸ ਵਿਚ ਅੱਠ ਛੰਦ ਇਕੋ ਪ੍ਰਬੰਧ ਵਿਚ ਲਿਖੇ ਜਾਂਦੇ ਹਨ[2] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਇਹ ਛੰਦ ਦੀ ਖਾਸ ਜਾਤਿ ਨਹੀਂ ਹੈ। ਜਿਸ ਪ੍ਰਬੰਧ ਵਿਚ ਅੱਠ ਛੰਦ (ਪਦ) ਇੱਕਠੇ ਹੋਣ ਉਸਦੀ ਅਸ਼ਟਪਦੀ ਸੰਗਿਆ ਹੈ।[3] ਅਧਿਆਤਮਕ ਸੰਗੀਤ ਅੰਤਰਗਤ 12 ਵੀਂ ਸਦੀ ਦੇ ਪ੍ਰਸਿੱਧ ਕਵੀ ਅਤੇ ਮਹਾਨ ਸੰਗੀਤਕਾਰ ਜੈ ਦੇਵ ਦੁਆਰਾ ਰਚਿਤ ਗੀਤ ਗੋਵਿੰਦ ਦੀਆਂ ਮਹੱਤਵਪੂਰਨ ਰਚਨਾਵਾਂ

ਅਸ਼ਟਪਦੀਆਂ ਪ੍ਰਬੰਧ ਗਾਇਨ ਦਾ ਉਤਕ੍ਰਿਸ਼ਟ ਨਮੂਨਾ ਹਨ।ਪ੍ਰਬੰਧ ਸ਼ੈਲੀ ਦੇ ਚਾਰ ਅੰਗ ਉਦਗ੍ਰਾਹ, ਧਰੁਵ, ਮੇਲਾਪਕ ਅਤੇ ਆਭੋਗ ਹਨ ਜੋ ਚਾਰ ਧਾਤੂ ਦੇ ਨਾਮ ਤੋਂ ਵੀ ਜਾਣੇ ਜਾਂਦੇ ਹਨ। ਜ਼ਿਆਦਾਤਰ ਗ੍ਰੰਥਕਾਰਾਂ ਦੇ ਪ੍ਰਬੰਧ ਦੇ ਅੰਗਧਾਤੂ ਉਦਗ੍ਰਾਹ,ਧਰੁਵ, ਮੇਲਾਪਕ, ਆਭੋਗ ਹੀ ਮੰਨੇ ਹਨ ਪਰ ਵਿਜੇ ਚੰਦੋਰਕਰ ਜੀ ਅਨੁਸਾਰ ਉਦਗ੍ਰਾਹ, ਧਰੁਵ, ਅੰਤਰਾ, ਆਭੋਗ ਨਾਮ ਵੀ ਪ੍ਰਚਾਰ ਵਿਚ ਸਨ।[4]

ਗੀਤ ਦਾ ਆਰੰਭਿਕ ਭਾਗ ਜਿਥੋਂ ਗੀਤ ਦੀ ਸ਼ੁਰੂਆਤ ਹੁੰਦੀ ਹੈ, ਉਦਗ੍ਰਾਹ ਅਖਵਾਉਂਦਾ ਹੈ। ਪ੍ਰਬੰਧ ਦਾ ਪਹਿਲਾ ਭਾਗ ਉਦਗ੍ਰਾਹ ਅਤੇ ਤੀਸਰਾ ਭਾਗ ਧਰੁਵ ਦੇ ਸੰਜੋਗ ਤੋਂ ਮੇਲਾਪਕ ਬਣਦਾ ਹੈ।ਧਰੁਵ ਪ੍ਰਬੰਧ ਸ਼ੈਲੀ ਦਾ ਅਹਿਮ ਅੰਗ ਹੈ ਜੋ ਸਥਾਈ ਜਾਂ ਟੇਕ ਵਜੋਂ ਪ੍ਰਬੰਧ ਸ਼ੈਲੀ ਵਿਚ ਵਿਦਮਾਨ ਹੈ।ਇਸਦਾ ਗਾਇਨ ਵਿਸ਼ੇਸ਼ ਰੂਪ ਵਿਚ ਬਾਰ-ਬਾਰ ਕੀਤਾ ਜਾਂਦਾ ਹੈ। ਆਭੋਗ ਪ੍ਰਬੰਧ ਗਾਨ ਦਾ ਅੰਤਿਮ ਅਤੇ ਚੌਥਾ ਭਾਗ ਹੈ, ਜਿਸਤੇ ਪ੍ਰਬੰਧ ਗਾਨ ਦੀ ਸਮਾਪਤੀ ਹੁੰਦੀ ਹੈ।

ਭਗਤ ਰਵਿਦਾਸ ਬਾਣੀ ਅਧੀਨ ਅਸ਼ਟਪਦੀ ਵਿਚ ਪ੍ਰਬੰਧ ਦੇ ਉਦਗ੍ਰਾਹ, ਧਰੁਵ, ਅੰਤਰੇ ਤੋਂ ਬਿਨਾਂ ਮੇਲਾਪਕ ਆਦਿ ਧਾਤੂਆਂ ਦਾ ਪ੍ਰਯੋਗ ਨਹੀਂ ਕੀਤਾ ਗਿਆ। ਉਦਾਹਰਣ ਦੇ ਤੌਰ ੦ਤੇ ਭਗਤ ਰਵਿਦਾਸ ਜੀ ਦੀ ਰਾਗ

ਗਉੜੀ ਬੈਰਾਗਣਿ ਵਿਚ ਦਰਜ ਅਸ਼ਟਪਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ:

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥
(ਆਦਿ ਗ੍ਰੰਥ, ਪੰਨਾ 346)

ਉਪਰੋਕਤ ਅਸ਼ਟਪਦੀ ਦੇ ਸਾਰੇ ਅੰਗ ਅੰਕਾਂ ਸਹਿਤ ਅੰਕਿਤ ਹਨ। ਅਸ਼ਟਪਦੀ ਵਿਚ ਪਹਿਲੀਆਂ ਦੋ ਸਤਰਾਂ ਜਿਨ੍ਹਾਂ ਤੋਂ ਬਾਅਦ ਅੰਕ ਮਿਲਦਾ ਹੈ, ਉਦਗ੍ਰਾਹ ਧਾਤੂ ਹੈ। ਉਦਗ੍ਰਾਹ ਤੋਂ ਬਾਅਦ ਰਹਾਉ ਦੀ ਤੁਕ ਧਰੂਵ ਹੈ ਜੋ ਸਥਾਈ ਵਜੋਂ ਕਿਰਿਆਸ਼ੀਲ ਰਹਿੰਦੀ ਹੈ। ਪ੍ਰਬੰਧ ਦੇ ਦੋ ਧਾਤੂ ਉਦਗ੍ਰਾਹ ਅਤੇ ਧਰੁਵ ਤੋਂ ਬਿਨਾਂ ਅਸ਼ਟਪਦੀ ਦੀਆਂ ਬਾਕੀ ਤੁਕਾਂ ਦਾ ਅੰਤਰੇ ਦੇ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਭਗਤ ਰਵਿਦਾਸ ਜੀ ਦੁਆਰਾ ਰਚਿਤ ਅਸ਼ਟਪਦੀ ਪ੍ਰਬੰਧ ਗਾਇਨ ਦਾ ਉੱਤਮ ਨਮੂਨਾ ਹੈ। ਅਸ਼ਟਪਦੀ ਨੂੰ ਪ੍ਰਬੰਧ ਅੰਗ ਤੋਂ ਗਾਇਨ ਕਰਨ ਦੀ ਪਰੰਪਰਾ ਹੈ ਪਰ ਸਮੇਂ ਦੇ ਅੰਤਰਾਲ ਸਦਕਾ ਪ੍ਰਬੰਧ ਅੰਗ ਤੋਂ ਅਸ਼ਟਪਦੀ ਦਾ ਗਾਇਨ ਪ੍ਰਚਲਨ ਨਹੀਂ ਹੈ ਪਰ ਇਸਦੀ ਖੋਜ ਦਾ ਸਰੋਤ ਜਾਂ ਸੀਮਾ ਪ੍ਰਾਚੀਨ ਪ੍ਰਬੰਧ ਹੀ ਹੈ।

# ਪਦੇ

ਭਗਤ ਰਵਿਦਾਸ ਜੀ ਨੇ ਆਪਣੇ ਸਮੇਂ ਪ੍ਰਚੱਲਿਤ ਧਰੁਪਦ ਸ਼ੈਲੀ ਤੋਂ ਪਦ ਗਾਇਨ ਦੀ ਰਚਨਾ ਕੀਤੀ। ਪਦ ਕਾਵਿ ਦਾ ਪੁਰਾਤਨ ਅਤੇ ਪ੍ਰਚੱਲਿਤ ਕਾਵਿ ਰੂਪ ਹੈ।ਸੰਗੀਤ ਵਿਚ ਇਸਨੂੰ ਗਾਉਣ ਦੀ ਆਪਣੀ ਪਰੰਪਰਾ ਹੈ।ਸੰਗੀਤ ਭਾਸ਼ਯ ਵਿਚ ਪਦ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, ੦ਜਿਨ੍ਹਾਂ ਵਿਸ਼ੇਸ਼ ਅੱਖਰ ਜਾਂ ਵਾਕ ਸਮੂਹਾਂ ਤੋਂ ਕਿਸੇ ਗਤ ਜਾਂ ਗੀਤ ਦਾ ਬੋਧ ਕੀਤਾ ਜਾਂਦਾ ਹੈ। ਉਸ ਸ਼ਬਦਾਵਲੀ ਨੂੰ ਪਦ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਕਵਿਤਾ ਦੇ ਭਿੰਨ –ਭਿੰਨ ਚਰਣ ਜਾਂ ਭਾਗ ਨੂੰ ਵੀ ਸਾਹਿੱਤ ਵਿਚ ਪਦ ਕਿਹਾ ਜਾਂਦਾ ਹੈ।[5] ਪਦ ਨੂੰ ਰਾਗ ਪਦ,ਰਾਗ ਪ੍ਰਕਾਸ਼ਕ ਪਦ ਅਤੇ ਸਵਰ ਸ਼ਬਦ ਵੀ ਕਿਹਾ ਜਾਂਦਾ ਹੈ।[6] ਪਦੇ ਸਰੋਂਦੀ ਕਵਿਤਾ ਦਾ ਪ੍ਰਸਿੱਧ ਕਾਵਿ ਰੂਪ ਮੰਨਿਆ ਜਾਂਦਾ ਹੈ। ਪਦ ਤੋਂ ਭਾਵ ਪੰਕਤੀ ਜਾਂ ਪੰਕਤੀ ਸਮੂਹ ਹੈ। ਪਦਿਆਂ ਦੀਆਂ ਪੰਕਤੀਆਂ ਨੂੰ ਤੁਕਾਂ ਵੀ ਕਿਹਾ ਜਾਂਦਾ ਹੈ।ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਉਹ ਛੰਦ ਜਾਂ ਕਾਵਯ, ਵਰਣ, ਗਣ ਅਤੇ ਮਾਤ੍ਰਾ ਦੇ ਨਿਯਮ ਵਿਚ ਹੋਵੇ ਉਸਨੂੰ ਪਦ ਕਿਹਾ ਜਾਂਦਾ ਹੈ।[7] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਬੰਦ ਜਾਂ ਤੁਕਾਂ ਦੀ ਸੰਖਿਆਂ ਦੇ ਆਧਾਰ ਤੇ ਹੀ ਪਦਿਆਂ ਦੇ ਨਾਮ

ਸਿਰਲੇਖ ਰੂਪ ਵਿਚ ਅੰਕਿਤ ਹਨ। ਦੋ ਬੰਦਾਂ ਦੇ ਪਦੇ ਨੂੰ ਦੁਪਦੇ, ਤਿੰਨ ਬੰਦਾਂ ਦੇ ਪਦੇ ਨੂੰ ਤਿਪਦੇ, ਚਾਰ ਬੰਦਾਂ ਦੇ ਪਦੇ ਨੂੰ ਚਉਪਦੇ।ਪਦ ਗਾਇਨ ਨੂੰ ਮੱਧਕਾਲ ਪਰੰਪਰਾ ਦੇ ਅੰਤਰਗਤ ਧਰੁਪਦ ਅੰਗ ਜਾਂ ਧਰੁਪਦ ਸ਼ੈਲੀ ਵਿਚ ਗਾਏ ਜਾਣ ਦੀ ਰੀਤ ਪ੍ਰਚਾਰ ਵਿਚ ਸੀ।

ਧਰੁਪਦ ਭਾਰਤੀ ਸੰਗੀਤ ਦੀ ਪੁਰਾਤਨ ਅਤੇ ਪਰੰਪਰਾਗਤ ਸ਼ੈਲੀ ਹੈ ਜਿਸਦਾ ਮੱਧਕਾਲ ਵਿਚ ਵਿਸ਼ੇਸ਼ ਪ੍ਰਚਲਨ ਸੀ।ਧਰੁਪਦ ਵਿਚ ਸਥਾਈ,ਅੰਤਰਾ, ਸੰਚਾਰੀ ਅਤੇ ਆਭੋਗ ਭਿੰਨ-ਭਿੰਨ ਅੰਗ ਹਨ।ਸਥਾਈ ਨੂੰ ਧਰੁਵ, ਟੇਕ, ਰਹਾਉ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ।ਇਹ ਧਰੁਪਦ ਦਾ ਮੁੱਖ ਅੰਗ ਮੰਨਿਆ ਜਾਂਦਾ ਹੈ ਕਿਉਂਕਿ ਗਤ ਦੇ ਸੰਪੂਰਣ ਵਿਸਤਾਰ ਅਤੇ ਲੈਅਕਾਰੀਆਂ ਲੈਣ ਤੋਂ ਬਾਅਦ ਇਸ ਭਾਗ ਦਾ ਹੀ ਗਾਇਨ ਕੀਤਾ ਜਾਂਦਾ ਹੈ। ਸਥਾਈ ਗੀਤ ਦਾ ਧੁਰਾ ਜਾਂ ਧਰੁਵ ਹੈ। ਕਈ ਵਿਦਵਾਨਾਂ ਨੇ ਧਰੁਵ ਦੇ ਧਾਰਣੀ ਨੂੰ ਹੀ ਧਰੁਪਦ ਦਾ ਨਾਮ ਦਿੱਤਾ ਹੈ। ਧਰੁਪਦ ਦੇ ਇਸ ਭਾਗ ਦਾ ਚਲਨ ਮੰਦਰ ਸਪਤਕ ਦੇ ਸੜਜ ਤੋਂ ਮੱਧ ਸਪਤਕ ਦੇ ਨਿਸ਼ਾਦ ਤੱਕ ਹੈ।ਕਈ ਵਿਦਵਾਨ ਤਾਰ ਸਪਤਕ ਦੀ ਵਰਤੋਂ ਵੀ ਮੰਨਦੇ ਹਨ ਪਰ ਇਸ ਵਿਚ ਮੱਤ ਭੇਦ ਹੈ।ਧਰੁਪਦ ਦੇ ਪਹਿਲੇ ਚਰਣ ਤੋਂ ਬਾਅਦ ਅੰਤਰਾ ਦਾ ਗਾਇਨ ਕੀਤਾ ਜਾਂਦਾ ਹੈ।ਅੰਤਰਾ ਆਮ ਤੌਰ ਤੇ ਗੰਧਾਰ, ਮੱਧਮ ਜਾਂ ਪੰਚਮ ਸੁਰ ਤੋਂ ਸ਼ੁਰੂ ਕੀਤਾ ਜਾਂਦਾ ਹੈ ਅਤੇ ਇਸਦਾ

ਅੰਤ ਮੱਧ ਸ਼ੜਜ ਤੇ ਆ ਕੇ ਹੁੰਦਾ ਹੈ।ਸੰਚਾਰੀ ਚਰਣ ਦਾ ਗਾਇਨ ਜਿਆਦਾ ਮੰਦਰ ਅਤੇ ਮੱਧ ਸਪਤਕ ਵਿਚ ਰਹਿੰਦਾ ਹੈ। ਤਾਰ ਸਪਤਕ ਵਿਚ ਇਸਦਾ ਘੱਟ ਗਾਇਨ ਹੁੰਦਾ ਹੈ।ਇਸ ਭਾਗ ਵਿਚ ਕਲਾਤਮਿਕ ਫੇਰਾਂ ਨਾਲ ਸੁਰਾਂ ਦੀ ਵਰਤੋਂ ਹੁੰਦੀ ਹੈ ਅਤੇ ਗਮਕ, ਮੀਡੰ ਦਾ ਪ੍ਰਯੋਗ ਜਿਆਦਾ ਹੁੰਦਾ ਹੈ। ਆਭੋਗ ਜਾਂ ਧਰੁਪਦ ਦੇ ਚੌਥੇ ਭਾਗ ਦਾ ਚਲਨ ਅੰਤਰੇ ਦੀ ਤਰ੍ਹਾਂ ਹੁੰਦਾ ਹੈ।ਇਸ ਵਿਚ ਤਿੰਨਾਂ ਸਥਾਨਾਂ ਜਾਂ ਸਪਤਕ ਦੇ ਸੁਰਾਂ ਦੀ ਵਰਤੋਂ ਹੁੰਦੀ ਹੈ।ਇਸ ਵਿਚ ਗਾਇਕ ਆਪਣੀ ਸਹੂਲੀਅਤ, ਇੱਛਾ ਅਨੁਸਾਰ ਜਿੰਨੀ ਵੀ ਉਚਾਈ ਤੱਕ ਜਾ ਸਕਦਾ ਹੈ, ਉਥੋਂ ਦੇ ਸੁਰਾਂ ਦੀ ਵਰਤੋਂ ਕਰਦਾ ਹੈ। ਇਸ ਤਰ੍ਹਾਂ ਧਰੁਪਦ ਦੇ ਚਾਰੇ ਅੰਗਾਂ ਦਾ ਗਾਇਨ ਕਰਨ ਉਪਰੰਤ ਸਮਾਪਤੀ ਕੀਤੀ ਜਾਂਦੀ ਹੈ।

ਭਗਤ ਰਵਿਦਾਸ ਜੀ ਦੁਆਰਾ ਰਚਿਤ ਪਦ ਸ਼ੈਲੀ ਦ ਗਾਇਨ ਭਾਰਤੀ ਸੰਗੀਤ ਤੋਂ ਭਿੰਨ ਹੈ। ਇਹ ਗੁਰਮਤਿ ਸੰਗੀਤ  ਪ੍ਰਬੰਧ ਅੰਤਰਗਤ ਸੰਕੇਤਿਕ ਨਿਯਮ (ਰਾਗ, ਰਹਾਓ, ਅੰਕੁ, ਘਰੁ ਆਦਿ) ਦੇ ਧਾਰਣੀ ਹਨ, ਜੋ ਇਸ ਰਚਨਾ ਦੇ ਗਾਇਨ ਲਈ ਵਿਵਹਾਰਕ ਰੂਪ ਵਿਚ ਸਹਾਈ ਹੁੰਦੇ ਹਨ। ਪਦੇ ਅਧੀਨ ਰਹਾਉ ਦੀ ਤੁਕ ਜਿਸ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ,ਧਰੁਪਦ ਸ਼ੈਲੀ ਵਿਚ ਇਸਨੂੰ ਧਰੁਵ ਦਾ ਨਾਮ ਦਿੱਤਾ ਗਿਆ ਹੈ।ਇਸਨੂੰ ਸ਼ਬਦ ਵਿਚ ਕੇਂਦਰ ਮੰਨ ਕੇ ਬਾਰ-ਬਾਰ ਗਾਉਣ ਦੀ

ਪਰੰਪਰਾ ਹੈ।ਸ਼ਬਦ ਦੀਆਂ ਤੁਕਾਂ ਦੇ ਅੰਤ ਤੇ ੧,੨,੩ ਦੇ ਰੂਪ ਵਿਚ ਅੰਕ ਦਰਜ ਹਨ ਜੋ ਅੰਤਰਿਆਂ ਦੀ ਸੀਮਾ ਦਰਸਾਉਂਦੇ ਹਨ ਤਾਂ ਜੋ ਬਾਣੀ ਪ੍ਰਬੰਧ ਅਨੁਸਾਰ ਸਥਾਈ ਜਾਂ ਰਹਾਉ ਦੀ ਤੁਕ ਦਾ ਬਾਰ-ਬਾਰ ਗਾਇਨ ਹੋ ਸਕੇ।ਇਸੇ ਤਰ੍ਹਾਂ ਅੰਕ ਸ਼ਬਦ ਰਚਨਾ ਦੇ ਅੰਤਰਾ, ਸੰਚਾਰੀ, ਆਭੋਗ ਵਰਗੇ ਵਿਭਿੰਨ ਧਰੁਪਦ ਨਿਯਮਾਂ ਅਨੁਸਾਰ ਕਾਰਜਸ਼ੀਲ ਰਹਿੰਦੇ ਹਨ।ਭਗਤ ਰਵਿਦਾਸ ਬਾਣੀ ਵਿਚ ਸ਼ਬਦ ਦੀ ਪ੍ਰਧਾਨਤਾ ਅਤੇ ਬਾਣੀ ਦੇ ਨਿਵੇਕਲੇ ਸੰਗੀਤ ਪ੍ਰਬੰਧ ਕਰਕੇ ਧਰੁਪਦ ਗਾਇਨ ਦੇ ਇਨ੍ਹਾਂ ਸ਼ਾਸਤਰੀ ਨਿਯਮਾਂ ਤੋਂ ਖੁਲ੍ਹ ਵੀ ਲੈ ਲਈ ਜਾਂਦੀ ਹੈ। ਉਦਾਹਰਣ ਦੇ ਤੌਰ 0ਤੇ ਦੁਪਦੇ, ਤਿਪਦੇ ਆਦਿ ਵਿਚ ਧਰੁਪਦ ਦੇ ਸਾਰੇ ਅੰਗ ਨਹੀਂ ਹਨ ਪਰ ਇਨ੍ਹਾਂ ਦਾ ਗਾਇਨ ਧਰੁਪਦ ਦੇ ਅੰਗ ਤੋਂ ਹੀ ਕੀਤਾ ਜਾਂਦਾ ਹੈ। ਭਗਤ ਰਵਿਦਾਸ ਬਾਣੀ ਦੀਆਂ ਪਦ ਰਚਨਾਵਾਂ ਨੂੰ ਧਰੁਪਦ ਅੰਗ ਤੋਂ ਗਾਏ ਜਾਣ ਦੀ ਪਰੰਪਰਾ ਬਾਣੀ ਪ੍ਰਬੰਧ ਦੀ ਵਿਸ਼ਿਸ਼ਟਤਾ ਹੈ।

## ਆਰਤੀ

ਆਰਤੀ ਪੂਜਾ ਅਰਾਧਨਾ ਤੇ ਗੀਤ ਨੂੰ ਕਿਹਾ ਜਾਂਦਾ ਹੈ।[8] ਆਰਤੀ ਭਾਰਤੀ ਲੋਕ ਧਰਮਾਂ ਦੀ ਪ੍ਰੱਸਿਧ ਰੀਤ ਹੈ ਜਿਸ ਅਧੀਨ ਥਾਲ ਵਿਚ ਧੂਪ,ਦੀਪ, ਚਵਰ, ਫੁੱਲ ਆਦਿ ਵਸਤਾਂ ਪਾ ਕੇ ਅਰਾਧਨਾਮਈ ਗੀਤਾਂ

ਨਾਲ ਇਸ਼ਟ ਦੇਵ ਦੀ ਆਰਤੀ ਉਤਾਰੀ ਜਾਂਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਰਵਿਦਾਸ ਜੀ,ਧੰਨਾ ਅਤੇ ਸੈਣ ਜੀ ਦੀ ਰਾਗ ਧਨਾਸਰੀ ਅਤੇ ਭਗਤ ਕਬੀਰ ਜੀ ਦੀ ਰਾਗ ਪ੍ਰਭਾਤੀ ਅੰਤਰਗਤ ਅਰਤੀ ਦਰਜ ਹੈ। ਗੁਰਬਾਣੀ ਅਨੁਸਾਰ ਬਾਕੀ ਧਰਮਾਂ ਨਾਲੋਂ ਆਰਤੀ ਭਿੰਨ ਹੈ।ਇਸ ਵਿਚ ਸੰਸਾਰਿਕ ਵਸਤੂਆਂ ਦੀ ਥਾਂ ਬ੍ਰਹਿਮੰਡ ਵਿਚ ਹੋ ਰਹੀ ਪ੍ਰਮਾਤਮਾ ਦੀ ਆਰਤੀ ਦਾ ਚ੍ਰਿਤਣ ਹੈ।ਇਤਿਹਾਸ ਨੂੰ ਵਾਚਣ ਤੇ ਪਤਾ ਲਗਦਾ ਹੈ ਕਿ 1510-12 ਈਸਵੀ ਵਿਚ ਜਗਨਨਾਥਪੁਰੀ ਦੇ ਮੰਦਰ ਵਿਚ ਹੋ ਰਹੀ ਆਰਤੀ ਨੂੰ ਪਾਖੰਡ ਮੰਨਦਿਆਂ ਹੋਇਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਤੀ ਦੀ ਰਚਨਾ ਕੀਤੀ।[9] ਭਗਤ ਰਵਿਦਾਸ ਜੀ ਨੇ ਵੀ ਸੰਸਾਰਿਕ ਆਰਤੀ ਦਾ ਖੰਡਨ ਕਰਦੇ ਹੋਏ ਨਾਮ ਸਿਮਰਨ ਤੇ ਹੀ ਜੋਰ ਦਿੱਤਾ ਹੈ।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥

...................................

ਕਹੈ ਰਵਿਦਾਸ ਨਾਮੁ ਤੇਰੋ ਆਰਤੀ

ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥8॥੩॥ (ਆਦਿ ਗ੍ਰੰਥ, ਪੰਨਾ 694)

ਉਨ੍ਹਾਂ ਅਨੁਸਾਰ ਆਰਤੀ ਦੀ ਸਮੱਗਰੀ ਨਾਮ ਹੀ ਹੈ। ਆਰਤੀ ਨਾਲ ਸੰਬੰਧਿਤ ਕਿਰਿਆ ਕਰਮ ਸਭ ਕੁੱਝ ਨਾਮ ਹੀ ਹੈ।ਨਾਮ ਸਿਮਰਨ ਭਾਵ ਨਾਮ ਜਪਣਾ ਹੀ ਆਰਤੀ ਹੈ। ਸਿੱਖ ਧਰਮ ਵਿਚ ਆਰਤੀ ਦੀ ਚੌਕੀ ਵਿਚ ਆਰਤੀ ਗਾਇਨ ਕਰਨ ਦੀ ਪਰੰਪਰਾ ਹੈ।

## ਸਲੋਕ

ਸਲੋਕ ਤੋਂ ਭਾਵ ਹੈ ਉਸਤਤਿ। ਭਗਤ ਰਵਿਦਾਸ ਜੀ ਨੇ ਬਾਣੀ ਰਚਨਾ ਲਈ ਮਲਾਰ ਰਾਗ ਅਧੀਨ ਸ਼ਲੋਕ ਸ਼ੈਲੀ ਦਾ ਪ੍ਰਯੋਗ ਕੀਤਾ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥
(ਆਦਿ ਗ੍ਰੰਥ, ਪੰਨਾ 1377)

ਗੁਰਮਤਿ ਸੰਗੀਤ ਵਿਚ ਸ਼ਲੋਕ ਸ਼ੈਲੀ ਦਾ ਨਿੱਬਧ ਅਤੇ ਅਨਿਬੱਧ ਦੋਨੋਂ ਰੂਪਾਂ ਵਿਚ ਗਾਇਨ ਕੀਤਾ ਜਾਂਦਾ ਹੈ।ਕੀਰਤਨ ਚੌਕੀਆਂ ਵਿਚ ਕੀਰਤਨ ਦੀ ਪ੍ਰਸਤੁਤੀ ਲਈ ਸਭ ਤੋਂ ਪਹਿਲਾਂ ਸੰਗੀਤਮਈ ਮਾਹੌਲ ਪੈਦਾ ਕਰਨ ਲਈ ਸਾਜਿੰਦਾ ਵਲੋਂ ਸ਼ਾਨ ਜਾਂ ਲਹਿਰਾ ਵਜਾਇਆ ਜਾਂਦਾ ਹੈ ਜੋ ਭਾਰਤੀ ਸੰਗੀਤ ਵਿਚ ਨਗਮਾ ਦੇ ਨਾਮ ਤੋਂ ਪ੍ਰਸਿੱਧ ਹੈ।ਇਸ ਤੋਂ ਉਪਰੰਤ ਬੰਦਨਾ ਜਾਂ ਮੰਗਲਾਚਰਨ ਦੇ ਤੌਰ ਤੇ ਕਿਸੀ ਸਲੋਕ ਜਾਂ ਸ਼ਬਦ ਦਾ ਗਾਇਨ ਕੀਤਾ

ਜਾਂਦਾ ਹੈ। ਸ਼ਲੋਕ ਜਾਂ ਸ਼ਬਦ ਦਾ ਸਮੇਂ ਅਨੁਸਾਰ ਨਿਰਧਾਰਤ ਰਾਗ ਵਿਚ ਵਿਲੰਬਿਤ ਖਿਆਲ ਜਾਂ ਧਰੁਪਦ ਅੰਗ ਤੋਂ ਗਾਇਨ ਕੀਤਾ ਜਾਂਦਾ ਹੈ।ਖਿਆਲ ਅੰਗ ਤੋਂ ਸ਼ਲੋਕ/ਸ਼ਬਦ ਦਾ ਗਾਇਨ ਏਕ ਤਾਲ, ਤੀਨ ਤਾਲ ਵਿਚ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਬਾਣੀ ਪ੍ਰਧਾਨ ਦੇ ਉਦੇô ਨੂੰ ਮੁੱਖ ਰੱਖਦੇ ਹੋਏ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਵਿਲਿੰਬਤ ਖਿਆਲ ਦੀ ਤਰ੍ਹਾਂ ਵਿਸਤਾਰ ਨਹੀਂ ਕੀਤਾ ਜਾਂਦਾ। ਸ਼ਲੋਕ ਦਾ ਗਾਇਨ ਚਾਰ ਤਾਲ, ਸੂਲਫਾਖਤਾ ਵਿਚ ਵੀ ਕੀਤਾ ਜਾਂਦਾ ਹੈ ਜੋ ਧਰੁਪਦ ਅੰਗ ôਤੇ ਆਧਾਰਿਤ ਹੈ। ਬੰਦਨਾਂ ਤੋਂ ਬਾਅਦ ਸਮੇਂ ਨਾਲ ਸੰਬੰਧਿਤ ਰਾਗਾਂ ਵਿਚ ਹੋਰ ਸ਼ਬਦਾਂ ਦਾ ਗਾਇਨ ਵਿਭਿੰਨ ਸ਼ੈਲੀਆਂ ਅੰਤਰਗਤ ਗਾਇਨ ਕਰਨ ਦੀ ਪ੍ਰਥਾ ਹੈ। ਅਧਿਆਤਮਕ ਬੋਧ ਅਤੇ ਅਧਿਆਤਮਕ ਆਨੰਦ ਪ੍ਰਾਪਤੀ ਦੇ ਉਦੇਸ਼ ਨੂੰ ਖਿਆਲ ਵਿਚ ਰਖਦੇ ਹੋਏ ਬਾਣੀ ਦੇ ਅਰਥਾਂ ਨੂੰ ਸਮਝਣ ਲਈ ਬਾਣੀ ਪ੍ਰਸਤੁਤੀ ਦੌਰਾਨ ਢੁਕਵੇਂ ਸ਼ਲੋਕ ਦਾ ਗਾਇਨ ਆਲਾਪ ਦੇ ਤੌਰ ôਤੇ ਅਨਿਬੱਧ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ।

ਭਗਤ ਰਵਿਦਾਸ ਜੀ ਨੇ ਧੁਰ ਦੀ ਬਾਣੀ ਨੂੰ ਸੰਚਾਰਿਤ ਕਰਨ ਲਈ ਕਾਵਿ ਦਾ ਪ੍ਰਯੋਗ ਕੀਤਾ ਉਥੇ ਬਾਣੀ ਦੇ ਭਾਵ ਪ੍ਰਗਟ ਕਰਨ ਲਈ ਸੰਗੀਤ ਦਾ ਵਿਸ਼ੇਸ਼ ਉੱਤਮ ਸੰਗੀਤ ਪ੍ਰਬੰਧ ਸਹਿਤ ਭਰਪੂਰ ਪ੍ਰਯੋਗ ਕੀਤਾ ਅਤੇ ਵਿਵਹਾਰਕ ਤੌਰ ਤੇ ਦ੍ਰਿੜਤਾ ਨਾਲ ਪ੍ਰਚਾਰ ਕੀਤਾ।

1) ਬ੍ਰਹਮ ਜਗਦੀਸ਼ ਸਿੰਘ, ਭਗਤ ਬਾਣੀ ਚਿੰਤਨ ਤੇ ਕਲਾ, ਪੰਨਾ 75

2) ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ), ਪੰਨਾ 30

3) ਗੁਰੂ ਛੰਦ ਦਿਵਾਕਰ, ਪੰਨਾ 43

4) ਵਿਜੇ ਚੰਦੋਰਕਰ ਨਿੱਬਧ ਤਥਾ ਅਨਿਬੱਧ ਗਾਨ, ਪ੍ਰਬੰਧ ਬੈਲੀ ਦਾ ਵਿਕਾਸ, ਪੰਨਾ 45

5) ਬੰਧੋਪਾਧਿਆਇ, ਸ੍ਰੀ ਪਦ, ਸੰਗੀਤ ਭਾਸ਼ਯ, ਪੰਨਾ 206

6) ਚੌਧਰੀ, ਵਿਮਲਾਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 70

7) ਮਹਾਨ ਕੋਸ਼, ਪੰਨਾ 740

8) ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਵਿਕਾਸ, ਪੰਨਾ 89

9) ਪਦਮ,ਪਿਆਰਾ ਸਿੰਘ, ਆਦਿ ਗ੍ਰੰਥ ਦਾ ਸੰਗੀਤ ਪ੍ਰਬੰਧ, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਗੁਰਬਾਣੀ ਲਈ ਕੰਪਿਊਟਰ ਦਾ ਪ੍ਰਯੋਗ

*ਡਾ. ਸੋਨਦੀਪ ਮੋਂਗਾ

ਆਧੁਨਿਕ ਮਨੁੱਖ ਜਾਤੀ ਗਿਆਨ ਅਤੇ ਤਕਨਾਲੋਜ਼ੀ ਦੇ ਉਤਪਾਦਨ ਵਿੱਚ ਸੰਗਠਿਤ ਪੈਦਾਵਾਰ ਦੇ ਅਸੀਮ ਵਾਧੇ ਦੀ ਸੰਭਾਵਨਾ ਪੈਦਾ ਕਰ ਰਹੀ ਹੈ । ਇਹ ਯੁੱਗ ਗਿਆਨ ਦੀ ਗਤੀਸ਼ੀਲਤਾ ਦਾ ਯੁੱਗ ਹੈ । ਜਿਸ ਨੂੰ ਕੰਪਿਊਟਰ ਯੁੱਗ ਅਤੇ ਇਨਫਰਮੇਸ਼ਨ ਟੈਕਨਾਲੋਜੀ ਦਾ ਯੁੱਗ ਵੀ ਕਿਹਾ ਜਾਂਦਾ ਹੈ । ਇਸ ਨੇ ਸਾਰੇ ਵਿਸ਼ਵ ਦੇ ਸੱਭਿਆਚਾਰਾਂ ਨੂੰ ਇੱਕ ਜੁੱਟ ਕਰ ਦਿੱਤਾ ਹੈ ।ਪਰੰਤੂ ਅਜਿਹੇ ਵਿੱਚ ਗਿਆਨ ਦੀ ਉਪਯੋਗਤਾ ਤੇ ਸਾਰਥਕਤਾ ਤੇ ਵੱਡੇ ਪ੍ਰਸ਼ਨ ਚਿੰਨ ਖੜ੍ਹੇ ਹੋ ਗਏ ਹਨ ਕਿਉਂਕਿ ਇਹ ਸਿਰਫ ਮਸ਼ੀਨੀ ਸਾਧਨਾਂ ਦਾ ਪਸਾਰਾ ਹੈ ਗਿਆਨ ਦੀ ਗਤੀਸ਼ੀਲਤਾ(ਅਦਾਨ ਪ੍ਰਦਾਨ) ਹੈ ਉਸ ਦਾ ਸਦ–ਉਪਯੋਗੀ ਅਤੇ ਨੈਤਿਕਤਾ ਭਰਪੂਰ ਪਹਿਲੂ ਇਸ ਵਿੱਚੋਂ ਗਾਇਬ ਹੈ । ਸੱਚ ਹੈ ਕਿ ਸੁੱਚੇ ਗਿਆਨ ਦਾ ਵਿਧੀ–ਵਿਧਾਨ ਅਤੇ ਮਨੁੱਖੀ ਸ਼ਾਂਤੀ ਦਾ ਸਬੱਬ ਇਹ ਸਾਧਨ ਨਹੀਂ ਹੋ ਸਕਦੇ ਸਗੋਂ ਉਸ ਵਿੱਲਖਣ ਗਿਆਨ ਦੀ ਪ੍ਰਯੋਗਸ਼ੀਲਤਾ ਹੀ ਬਣ ਸਕਦੇ ਹਨ । ਜਿਵੇਂ ਕਿ ਬਲਵਿੰਦਰ ਸਿੰਘ ਆਪਣੇ ਲੇਖ 'ਦਿਮਾਗ ਅਤੇ ਕੰਪਿਊਟਰ ਦਾ ਮੇਲ' ਵਿੱਚ ਲਿਖਦੇ ਹਨ ਕਿ

---

* ਪੰਜਾਬੀ ਵਿਭਾਗ, ਸਰਕਾਰੀ ਕਾਲਜ, ਰੂਪਨਗਰ

'Computer –Brain Interface ' ਅਤੇ 'Brain to Brain Interface' ਤਕਨੀਕ ਦੁਆਰਾ ਕੰਪਿਊਟਰ ਰਾਹੀਂ ਦਿਮਾਗੀ ਕੰਟਰੋਲ ਅਤੇ ਦਿਮਾਗਾਂ ਨੂੰ ਆਪਸ ਵਿੱਚ ਜੋੜਿਆ ਜਾ ਸਕਦਾ ਹੈ ।ਇਸ ਨਾਲ ਇੱਕ ਮਸ਼ੀਨ ਇਨਸਾਨੀ ਹਿੱਸੇ ਦੇ ਤੌਰ ਤੇ ਕੰਮ ਕਰੇਗੀ । ਅਜਿਹੇ ਇਨਸਾਨ ਨੂੰ Cyborg (Cybernetic Organism )' ਕਿਹਾ ਜਾਂਦਾ ਹੈ ਅਤੇ ਕੇਵਿਨ ਵਾਰਵਿਕ ਇੱਕ ਬਰਤਾਨਵੀ ਪ੍ਰੋਫੈਸਰ ਹਨ ,ਜੋ ਇਸ ਸੰਸਾਰ ਦੇ ਪਹਿਲੇ Cyborg (ਰੋਬੋਟ) ਹਨ।[1]

ਇਸੇ ਤਰਾਂ ਗੁਰਬਾਣੀ ਲਈ ਕੰਪਿਊਟਰ ਪ੍ਰਯੋਗ ਦੀ ਗੱਲ ਕਰਦੇ ਹਾਂ ਤਾਂ ਕੰਪਿਊਟਰ ਅੱਖਰਾਂ ਅਤੇ ਭਾਸ਼ਿਕ ਗਿਆਨ ਦਾ ਇੱਕ ਸਾਧਨ ਹੈ ।ਭਾਵੇਂ ਅੱਜ ਗੁਰਬਾਣੀ ਅਤੇ ਸਿੱਖ ਧਰਮ ਬਾਰੇ ਕੰਪਿਊਟਰ ਉੱਤੇ ਵਿਸਥਾਰਪੂਰਵਕ ਜਾਣਕਾਰੀ ਉਪਲੱਬਧ ਹੈ ਅਤੇ ਅਨੇਕਾਂ ਵੈੱਬਸਾਇਟਾਂ ਤੇ ਸਾਫਟਵੇਅਰਾਂ ਦਾ ਵਿਕਾਸ ਹੋ ਚੁੱਕਾ ਹੈ । ਸੀ.ਬੀ. ਕੰਬੋਜ ਇਸ ਬਾਰੇ ਜਾਣੂ ਕਰਵਾਉਂਦੇ ਲਿਖਦੇ ਹਨ ਕਿ 'ਅਮਰੀਕਾ ਦੇ ਡਾ. ਕੁਲਬੀਰ ਸਿੰਘ ਅਤੇ ਆਸਟ੍ਰੇਲੀਆ ਦੇ ਡਾ. ਬਲਵੰਤ ਸਿੰਘ ਉੱਪਲ ਨੇ ਗੁਰਬਾਣੀ ਦਾ ਕੰਪਿਊਟਰੀਕਰਨ ਕਰਨ ਚ ਸ਼ਲਾਘਾਯੋਗ ਕੰਮ ਕੀਤਾ ਹੈ ।

ਗੁਰਬਾਣੀ ਦੀ ਕੋਈ ਵੀ ਤੁਕ, ਸ਼ਬਦ, ਵਾਕਾਂਸ਼ ਆਦਿ ਬਾਰੇ ਜਾਣਕਾਰੀ ਦੇਣ ਵਾਲੇ  ਸਰਚ ਇੰਜਨ ਨੂੰ 'ਸ਼੍ਰੀ ਗ੍ਰੰਥ' ਵੈਬੱਸਾਈਟ ਤੋਂ ਵਰਤਿਆ ਜਾ ਸਕਦਾ ਹੈ।[2] ਪਰੰਤੂ ਕੰਪਿਊਟਰ ਮਾਨਵੀ ਰਵੱਈਏ ਨੂੰ ਸਮਝ ਨਹੀ ਸਕਦਾ, ਨਾ ਹੀ ਉਸ ਪ੍ਰਤਿ ਕ੍ਰਿਆ –ਪ੍ਰਤਿਕ੍ਰਿਆ ਦੀ ਕੋਈ ਕੜੀ  ਸਿਰਜ ਸਕਦਾ ਹੈ। ਸਗੋਂ ਇਹ ਆਪਣੇ ਆਪ ਵਿੱਚ ਮਨੁੱਖ ਦੀ ਇੱਕ ਨਿੱਜੀ ਅਧਿਕਾਰਤ ਵਸਤੂ ਹੈ Personal Possession  ਹੈ, ਜੋ ਮਨੁੱਖ ਨੂੰ ਪਾਰਗਾਮਿਤਾ ਦੇ ਸਬੰਧ ਦੀ ਕੋਈ ਸੋਝੀ ਪ੍ਰਦਾਨ ਨਹੀ ਕਰਦਾ । ਕੰਪਿਊਟਰ ਦੀ ਮਸ਼ੀਨੀ ਬਣਤਰ ਜਾਂ ਇਸ ਰਾਹੀਂ ਅਪਣਾਏ ਸਾਫਟਵੇਅਰ ਵਿੱਚ ਅਜਿਹਾ ਕੋਈ ਪ੍ਰੋਗਰਾਮ ਨਹੀ ਹੋ ਸਕਦਾ ਜੋ ਦਾਰਸ਼ਨਿਕਤਾ ਦੀ ਸੂਝ ਅਤੇ ਸੰਕਲਪਮੂਲਕਤਾ ਸਿਰਜ ਸਕੇ। ਇਹ ਕੰਪਿਊਟਰ ਦੀ ਵੱਡੀ ਸੀਮਾ ਹੈ।ਇਸ ਲਈ ਗੁਰਬਾਣੀ ਵਰਗੇ ਦਾਰਸ਼ਨਿਕ ਵਿਸ਼ੇ ਲਈ ਇਹ ਬਹੁਤੀ ਸਹਾਈ ਨਹੀਂ ਹੋ ਸਕਦੀ ਸਗੋਂ ਅੱਖਰਾਂ ਦੀ Display ਹੀ ਕਰ ਸਕਦੀ ਹੈ। ਜੋ ਇਕ ਸਮਾਜਿਕ ਪ੍ਰਕਿਰਿਆ ਦਾ ਹਿੱਸਾ ਹੀ ਬਣ ਸਕਦੀ ਹੈ । ਸਮਾਜਿਕ ਪ੍ਰਕਿਰਿਆ ਦੇ ਤੌਰ ਤੇ ਇਸ ਦੇ ਉਪਯੋਗ ਸਿੱਖਿਆ, ਕਿੱਤਾ ਖੇਤਰ, ਭਾਸ਼ਾ ਵਿਗਿਆਨ ਅਤੇ ਸਮਾਜਿਕ ਮੀਡੀਆ ਦੇ ਤੌਰ ਤੇ ਹੀ ਸੀਮਿਤ ਹਨ। ਸਗੋਂ ਇਹ ਅਤਿਕਥਨੀ ਨਹੀਂ ਕਿ ਕੰਪਿਊਟਰ ਵਰਗੀ ਮਸ਼ੀਨ ਦੇ ਕਈ ਤਰਾਂ ਦੇ ਨੁਕਸਾਨ ਵੀ ਸਾਹਮਣੇ ਆ ਰਹੇ ਹਨ। ਜਿਵੇਂ ਮਨੁੱਖ ਦੀ ਸਰੀਰਕ ਸਿਹਤ

ਤੇ ਇਹ ਘਾਤਕ ਅਸਰ ਪਾਉਂਦਾ ਹੈ 'ਇਸ ਨਾਲ C.V.S (Vision Syndrome) ਹੋ ਜਾਂਦਾ ਹੈ ਤੇ cathode Rays tube ਰਾਹੀਂ X- Ray radiations ਨੁਕਸਾਨ ਪਹੁੰਚਾਉਂਦੀਆਂ ਹਨ'।[3]

ਅਸਲ ਵਿੱਚ ਇਹ ਮਨੁੱਖ ਦੀ ਮਾਨਸਿਕਤਾ ਲਈ ਵਧੇਰੇ ਨੁਕਸਾਨਦੇਹ ਹਨ ।ਅੱਜ ਹਰੇਕ ਵਿਅਕਤੀ ਦੁਆਰਾ ਆਪਣੇ ਨਿੱਜਤਵ ਨੂੰ ਜਦੋਂ ਸਾਰੇ ਸੰਸਾਰ ਅੱਗੇ ਪੇਸ਼ ਕੀਤਾ ਜਾ ਰਿਹਾ ਹੈ ਤਾਂ ਇਸ ਵਿੱਚ ਜਾਲਸਾਜ਼ੀ ਅਤੇ ਸੂਚਨਾ ਦੇ ਦੁਰਉਪਯੋਗ ਦਾ ਡਰ ਬਣਿਆ ਰਹਿੰਦਾ ਹੈ ਕਈ ਦੁਰਲਭ ਸੂਚਨਾਵਾਂ ਦਾ ਜਨਤਕ ਹੋਣਾ ਸੰਸਾਰ ਲਈ ਵੱਡਾ ਆਤੰਕੀ ਖਤਰਾ ਹੈ। ਕੰਪਿਊਟਰ ਸੂਚਨਾਵਾਂ ਤੇ ਬਹੁਤ ਜ਼ਿਆਦਾ ਨਿਰਭਰਤਾ ਬਿਮਾਰ ਮਾਨਸਿਕਤਾ ਨੂੰ ਜਨਮ ਦਿੰਦੀ ਹੈ ਇਸ ਨੂੰ ਖੋਜਕਰਤਾ ਸਿੱਧ ਕਰ ਚੁੱਕੇ ਹਨ 'According to the website 4ADHD researchers from some parts of the world, have coined the phrase 'Internet Addiction Disorder' IAD which they see 'as a psychological disorder that requires medical intervention, IAD is linked to individuals who display attention deficit Disorder, hostility, social phobia, low self-esteem.'[4]

ਇਸ ਲਈ ਰੱਬੀ ਬਾਣੀ ਅਤੇ ਸ਼ਬਦ ਸੁਰਤਿ ਦੀ ਸਾਧਨਾ ਇਸ ਦੁਆਰਾ ਨਹੀਂ ਹੋ ਸਕਦੀ ਕਿਉਂਕਿ ਸ਼ਬਦ ਨਾਲ ਜੁੜਨਾ ਹੀ ਗੁਰਬਾਣੀ ਦਾ ਵਿਧੀ ਵਿਧਾਨ ਹੈ ਸੁਰਤਿ ਦਾ ਮੇਲ ਉਸ ਦੀ ਸ਼ਾਂਤੀ ਹੈ , ਜਿਸ ਦਾ ਸਬੱਬ ਕੰਪਿਊਟਰ ਨਹੀਂ ਬਣ ਸਕਦਾ ਫਿਰ ਇਸ ਬੇਲੋੜੇ ਸਾਧਨ ਦੀ ਜ਼ਰੂਰਤ ਕਿਉਂ ਘੱਟੋ-ਘੱਟ ਗੁਰਬਾਣੀ ਦੇ ਨਿਤਨੇਮ ਜਾਂ ਸਮਝ ਲਈ ਇਸ ਦੀ ਆਵਸ਼ਕਤਾ ਬੇਲੋੜੀ ਹੈ ।'ਬ੍ਰਹਮ ਅਵਸਥਾ ਵਿੱਚ ਪਹੁੰਚਣ ਤੋਂ ਪਹਿਲਾਂ ਨਿੱਜੀ ਮੈਂ ਦੇ ਵਿਕਾਸ ਦੀ ਅਵਸਥਾ ਉਸਦੀ ਸੁਰਤਿ ਅੰਦਰ ਸ਼ਬਦ ਦੇ ਪ੍ਰਕਾਸ਼ ਉੱਪਰ ਨਿਰਭਰ ਕਰਦੀ ਹੈ ।ਹਰ ਸ਼ਬਦ ਇੱਕ ਚਿਹਨ ਹੈ - ਇੱਕ ਗੀਤਸ਼ੀਲ ਬਿੰਦੂ ਜੋ ਵਿਭਿੰਨ ਭਾਸ਼ਾਈ ਖੇਡਾਂ ਵਿੱਚ ਆਪਣਾ ਰੋਲ ਅਦਾ ਕਰਦਾ ਹੋਇਆ ਆਪਣੇ ਆਲੇ ਦੁਆਲੇ ਅਰਥਾਂ ਦਾ ਇੱਕ ਨੈੱਟਵਰਕ ਸਿਰਜਦਾ ਹੈ ।ਗਤੀਸ਼ੀਲ ਬਿੰਦੂ ਦੀ ਇਹ ਯਾਤਰਾ ਉਨੀ ਦੇਰ ਤੱਕ ਚਲਦੀ ਰਹੇਗੀ ਜਿੰਨੀ ਦੇਰ ਤੱਕ ਕਿ ਇਹ ਨੈੱਟਵਰਕ ਸਮੇਂ ਸਥਾਨ ਦੀ ਸਮੁੱਚਤਾ ਦਾ ਇੱਕ ਸੰਗਠਿਤ ਕਾਸਮਿਕ ਡਿਜ਼ਾਇਨ ਨਹੀਂ ਬਣ ਜਾਂਦਾ।[5]

ਗੁਰਬਾਣੀ ਸ਼ਬਦ ਖੋਜ ਦਾ ਮਾਰਗ ਹੈ ਸ਼ਬਦ ਖੋਜ ਤੋਂ ਬਿਨਾਂ ਗੁਰਬਾਣੀ ਨੂੰ ਪੜ੍ਹਿਆ, ਸੁਣਿਆ, ਮੰਨਿਆ, ਸਿੱਖਿਆ ਤੇ ਪਾਇਆ ਨਹੀਂ ਜਾ ਸਕਦਾ ।ਸ਼ਬਦ ਦਾ ਪ੍ਰਕਾਸ਼ ਹੀ ਪ੍ਰਮਾਤਮ ਸ਼ਕਤੀ ਦਾ ਅਹਿਸਾਸ ਹੈ ਉਸ ਤੱਕ ਪਹੁੰਚ ਵਿਧੀ ਹੈ ਪ੍ਰੰਤੂ ਇਸ ਨੂੰ ਨਿਰੇ ਅੱਖਰ ਸਮਝ ਲੈਣਾ ਵੀ ਠੀਕ ਨਹੀਂ

ਕਿਉਂਕਿ ਇਹ ਅੱਖਰਾਂ ਤੋਂ ਪਾਰ ਦੀ ਅਵਸਥਾ ਹੈ ਜਿਸ ਲਈ ਜਿਗਿਆਸੂ ਨੂੰ ਭਾਵਨਾਤਮਕ ਦ੍ਰਿੜਤਾ ਸਹਿਤ ਧਰਮ ਦੇ ਮਾਰਗ ਤੇ ਚੱਲਣਾ ਪੈਂਦਾ ਹੈ ,ਸ਼ਬਦ ਜੋਤ ਨਾਲ ਜੁੜ ਬੈਠਣਾ ਪੈਂਦਾ ਹੈ , ਇਸ ਨੂੰ ਧਾਰਨ ਕਰਕੇ ਸਹਿਜ ਪ੍ਰਗਟਾਵੇ ਦੀ ਸਿਰਜਣਾ ਕਰਨੀ ਹੁੰਦੀ ਹੈ । ਸ਼ਬਦ ਉਚਾਰਨ ਤੋਂ ਬਿਨਾਂ ਇਹ ਨਾਦ ਵਿੱਚ ਵਟ ਨਹੀਂ ਸਕਦਾ ਤੇ ਗੁਰਮਤੀ ਸ਼ਬਦ ਦੇ ਅਨੰਦ ਦਾ ਸਬੱਬ ਸਿਰਜਿਆ ਨਹੀਂ ਜਾ ਸਕਦਾ ਜਿਵੇਂ ਕਿ ਗੁਰਬਾਣੀ ਦਾ ਕਥਨ ਹੈ :

**ਉਥੈ ਅਨਹਦ ਸ਼ਬਦ ਵਜਹਿ ਦਿਨੁ ਰਾਤੀ ਗੁਰਮਤੀ ਸ਼ਬਦ ਸੁਣਾਵਣਿਆ।**[6]

ਅਸਲ ਵਿੱਚ ਸ਼ਬਦ ਸਰੂਪ ਇੱਕ ਕੜੀ ਹੈ ਜੋ ਮਨੁੱਖੀ ਚੇਤਨਾ ਅਤੇ ਅੰਨਤਤਾ ਦੇ ਵਾਲੀ ਵਿੱਚ ਸੰਬੰਧ ਸਥਾਪਿਤ ਕਰਦੀ ਹੈ ਇਸ ਨੂੰ ਇੱਕ ਨਿਰੰਤਰ ਸਿਲਸਲੇ ਦੇ ਤੌਰ ਤੇ ਅੱਗੇ ਤੋਰਦੀ ਹੈ। ਉਹਨਾਂ ਨੇ ਸ਼ਬਦ ਸ਼ਕਤੀ ਨੂੰ ਗਿਆਨ ਸ੍ਰੋਤ ਵਜੋਂ ਸਵੀਕਾਰਿਆ :

**ਜੀਆ ਅੰਦਰ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ।**[7]

ਸੰਸਾਰ ਦੇ ਸਮੁੱਚੇ ਦਰਸ਼ਨ ਸ਼ਾਸਤਰ ਵਿੱਚ ਇਹ ਜਟਿਲ ਰਿਸ਼ਤੇ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਪਰ ਗੁਰਬਾਣੀ ਇਸ ਨੂੰ ਹੀ ਸਰਲ ਅਧਿਆਤਮਕ ਮਾਰਗ ਵਜੋਂ ਪਛਾਣਦੀ ਹੈ ਜਿਵੇਂ ਇੱਕ ਬੱਚਾ ਹਨੇਰੇ ਵਿੱਚ

ਆਪਣੀ ਮਾਂ ਨੂੰ ਆਵਾਜ਼ ਰਾਹੀਂ ਹੀ ਪੁਕਾਰਦਾ ਅਤੇ ਪਹਿਚਾਣਦਾ ਹੈ, ਇਸੇ ਤਰਾਂ ਸੰਸਾਰੀ ਅਗਿਆਨਤਾ ਦੇ ਹਨੇਰੇ ਵਿੱਚ ਪਰਮਾਤਮਾ ਰੂਪੀ ਸਿਰਜਣਹਾਰ ਨਾਲ ਜੀਵ ਸ਼ਬਦ ਰਾਹੀਂ ਟੇਕ ਸਥਾਪਿਤ ਕਰਦਾ ਹੈ ।

**ਬਿਨੁ ਸਬਦੈ ਅੰਤਰਿ ਆਨੇਰਾ ਨ ਵਸਤੁ ਲਹੈ ਨ ਚੂਕੇ ਫੇਰਾ।**[8]

ਇਸ ਤਰਾਂ ਸਿੱਖ ਚਿੰਤਨ ਵਿੱਚ ਸ਼ਬਦ ਨੂੰ ਧਰਮ ਸੱਭਿਆਚਾਰ ਤੇ ਮਰਯਾਦਾ ਦਾ ਵੀ ਕੇਂਦਰੀ ਬਿੰਦੂ ਸਵੀਕਾਰ ਕੀਤਾ ਹੈ ।ਸ਼ਬਦ ਨੂੰ ਗੁਰੂ ਦਾ ਦਰਜਾ ਦੇ ਕੇ ਸਿੱਖ ਗੁਰੂ ਸਾਹਿਬਾਨ ਨੇ ਨਿਵਾਜਿਆ ਅਤੇ ਜਿਸਨੂੰ ਸੰਸਾਰ ਕਲਿਆਣ ਹਿੱਤ ਉਚਾਰਨ ਦੀ ਵਿਸ਼ੇਸ਼ ਵਿਧੀ ਦਰਸਾਈ:

**ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨਾ।**[9]

ਕਿਉਂਕਿ ਇਹ ਮਹਾਂਪੁਰਖਾਂ ਦੀ ਬਾਣੀ ਹੈ ਇਸ ਲਈ ਇਸ ਤਰਾਂ ਇਸ ਦੀ ਇੱਕ ਵਿਸ਼ੇਸ਼ ਤੇ ਵਿਲੱਖਣ ਉਚਾਰਨ ਵਿਧੀ ਅਤੇ ਰਾਗਬੱਧ ਲਹਿਜਾ ਹੈ ।ਇਸਨੂੰ ਸ਼ਰਧਾ ਅਤੇ ਵਿਸ਼ਵਾਸ ਨਾਲ ਆਪਣੇ ਹਿਰਦੇ ਵਿੱਚ ਬਠਾਉਣ ਦਾ ਹੁਕਮ ਹੈ :

ਬਾਣੀ ਗੁਰੂ ਗੁਰੂ ਹੈ ਬਾਣੀ ਵਿੱਚ ਬਾਣੀ ਅੰਮ੍ਰਿਤ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥[10]

ਇਸ ਤਰਾਂ ਗੁਰਬਾਣੀ ਦੀ ਗ੍ਰਹਿਣਸ਼ੀਲਤਾ ਗੁਰੂ ਦਰਜੇ ਨੂੰ ਸਨਮੁਖ ਰੱਖ ਕੇ ਹੁੰਦੀ ਹੈ ਜਿਸ ਵਿੱਚ ਗੁਰੂ ਗਿਆਨ ਨੂੰ ਪ੍ਰਤੱਖ ਹਾਜ਼ਰ ਨਾਜ਼ਰ ਮੰਨ ਕੇ

ਉਸਤਤ ਹੁੰਦੀ ਹੈ ਤੇ ਜਿਸ ਨਾਲ ਮਨੁੱਖ ਧਰਮ ਖੰਡ ਤੋਂ ਸਚਖੰਡ ਤੱਕ ਦਾ ਸਫਰ ਤਹਿ ਕਰਦਾ ਹੈ। ਗੁਰਬਾਣੀ ਦੀ ਗ੍ਰਹਿਣਸ਼ੀਲਤਾ ਵਿੱਚ ਕਿਸੇ ਵੀ ਤਰਾਂ ਦੀ ਸਹਾਇਕ ਸਮੱਗਰੀ ਦੀ ਵਿਸ਼ੇਸ਼ ਆਵਸ਼ਕਤਾ ਨਹੀਂ ਹੈ ਜਿਵੇਂ ਕਿ ਕੰਪਿਊਟਰ ਯੋਗਤਾ । ਇਸ ਤੋਂ ਬਿਨਾਂ ਹੀ ਇਹ ਇੱਕ ਸਹਿਜ ਪਠਨ-ਪਾਠਨ ਪ੍ਰਕ੍ਰਿਆ ਹੈ, ਜਿਸ ਦੀ ਰਾਗਾਤਮਕ ਵਿਲੱਖਣਤਾ ਨੂੰ ਸਾਜ਼ ਤੇ ਧੁਨ ਦੀ ਸਹਿਯੋਗਤਾ ਲੋੜੀਂਦੀ ਹੈ ਜਿਸ ਲਈ ਵੀ ਵਿਸ਼ੇਸ਼ ਨਿਯਮ ਅਤੇ ਰਹਿਤ ਦਾ ਨਿਰਧਾਰਨ ਕੀਤਾ ਗਿਆ ਹੈ । ਸਗੋਂ ਇੰਜ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਗੁਰਮਤਿ ਫਿਲਾਸਫੀ ਦੀ ਗ੍ਰਹਿਣਸ਼ੀਲਤਾ ਵਿੱਚ ਕੰਪਿਊਟਰ ਦੀ ਵਰਤੋਂ ਇੱਕ ਬੇਲੋੜੀ ਸਹਾਹਿਕ ਸਮੱਗਰੀ ਦੀ ਤਰਾਂ ਸਮਝੀ ਜਾ ਸਕਦੀ ਹੈ। ਹਾਂ ਇਸ ਦੀ ਸਮੇਂ ਅਤੇ ਸਥਾਨ ਦੀ ਉਪਯੋਗਤਾ ਨਾਮ ਸਿਮਰਨ ਵਿੱਚ ਕੁਝ ਕੁ ਸਹਾਈ ਹੋ ਸਕਦੀ ਹੈ ਜਾਂ ਦੂਸਰੇ ਮਤਾਂ ਅਤੇ ਭਾਸ਼ਾ ਵਾਲੇ ਵਿਅਕਤੀਆਂ ਨੂੰ ਭਾਸ਼ਿਕ ਪੱਧਰ ਤੇ ਕੁਝ ਇਸਦਾ ਲਾਭ ਹੋ ਸਕਦਾ ਹੈ ਪਰੰਤੂ ਇਸਨੂੰ ਗੁਰਬਾਣੀ ਦਰਸ਼ਨ ਵਿੱਚ ਪ੍ਰਯੋਗ ਲਈ ਬਹੁਤਾ ਉਪਯੋਗੀ ਸਿੱਧ ਨਹੀਂ ਕੀਤਾ ਜਾ ਸਕਦਾ ।

## ਹਵਾਲੇ ਅਤੇ ਟਿੱਪਣੀਆਂ :

(1) ਬਲਵਿੰਦਰ ਸਿੰਘ, ਦਿਮਾਗ ਅਤੇ ਕੰਪਿਊਟਰ ਦਾ ਮੇਲ, ਅਜੀਤ ਮੈਗਜ਼ੀਨ ਐਤਵਾਰ, 1 ਦਸੰਬਰ, 2013

(2) ਸੀ.ਬੀ. ਕੰਬੋਜ 'ਗੁਰਬਾਣੀ ਦਾ ਅਧਿਐਨ ਕੰਪਿਊਟਰ ਤੇ', ਅਜੀਤ ਅਖਬਾਰ ਅੰਕ ਐਤਵਾਰ, 9 ਫਰਵਰੀ 2014

(3) Available on www.slideshare.net

(4) By Tim Mc Quade . eHow contributor, Negatives of Computer on society .available on www.ehow.Com

(5) ਵਿਸਮਾਦੁ ਨਾਦ ,ਵਿਸ਼ੇਸ਼ ਅੰਕ, ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼ ਲੁਧਿਆਣਾ , ਜਨਵਰੀ 1994, ਪੰਨਾ 14

(6) ਆਦਿ ਗ੍ਰੰਥ

(7) ਆਦਿ ਗ੍ਰੰਥ,ਪੰਨਾ 1250

(8) ਆਦਿ ਗ੍ਰੰਥ, ਪੰਨਾ 128

(9) ਆਦਿ ਗ੍ਰੰਥ, ਪੰਨਾ 635

(10) ਆਦਿ ਗ੍ਰੰਥ, ਪੰਨਾ 972

# Just watch the Rose....

Babli S. Singh

Just watch the Rose.... 🌹
Feel it's blush...
Feel the shadows underneath...
Every petal  smiles..
Smile with a grace..shyly.
But hides shadows inside the petals ...
Have you ever realized.. ?
Every flower sings a song,
A silent song.. Of unspoken words..
An emotional  song full of love.....
when the flower🌹 is on  it's full bloom.
...
Dancing, romantically with the breeze.
And sometimes,  sings a Song of
parting....

When withered petals drop down silently.

Scattered helplessly on the ground.

Can you feel the sadness of the petals..

Wonder how it bears the pain.?

Pain of parting...

Yet keeps spreading its fragrance...

Keeps giving a smile..so Charming .

Every Rose stem have the thorns...

Thorns all around...

Yet the blessed flower keeps blooming among the thorny twigs..

As if Nature so possesively protects it's little kids.

Rose🌹.. A flower of Love..

Sings a silent song...

A song of words unspoken, hidden in the heart..

Words... If one could see,

Swimming in the dreamy eyes..

Can you realize the real beauty of the Rose ....

Inspite of all the pains it keeps giving a fragrant smile.... 🙏🌹. .

Contact: +91 98783 16640

# ਗੁਰੂ ਗ੍ਰੰਥ ਸਾਹਿਬ ਵਿੱਚ ਕੀਰਤਨ ਅਤੇ ਕੀਰਤਨੀਏ ਦਾ ਸੰਕਲਪ

ਡਾ. ਜਾਗੀਰ ਸਿੰਘ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਜਿਸ ਆਦਰਸ਼ ਮਨੁੱਖ ਦਾ ਸੰਕਲਪ ਕੀਤਾ ਗਿਆ ਉਸ ਦੀ ਸ਼ਖ਼ਸੀਅਤ ਉਚੇਰੇ ਗੁਣਾਂ ਨਾਲ ਭਰਪੂਰ ਹੋਣੀ ਚਾਹੀਦੀ ਹੈ। ਉਸ ਵਿੱਚ ਨੈਤਿਕ ਗੁਣ ਤਾਂ ਹੋਣਗੇ ਹੀ ਪਰ ਉਸ ਨੂੰ ਕੋਮਲ ਕਲਾਵਾਂ ਦਾ ਅਨੰਦ ਮਾਣਨ ਦੀ ਰੁਚੀ ਵੀ ਹੋਵੇ।ਜਿਹੜੇ ਮਨੁੱਖ ਰਾਗ ਅਤੇ ਕਾਵਿ ਕਲਾ ਤੋਂ ਵਿਹੂਣੇ ਹਨ ਉਨ੍ਹਾਂ ਬਾਰੇ ਗੁਰੂ ਨਾਨਕ ਦੇਵ ਜੀ ਸਾਰੰਗ ਦੀ ਵਾਰ ਵਿੱਚ ਉਚਾਰਦੇ ਹਨ:

ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥
(ਸਲੋਕ ਮਹਲਾ 1, ਪੰਨਾ 1246)

ਇਸੇ ਤਰ੍ਹਾਂ ਗੁਰਬਾਣੀ ਵਿੱਚ ਅਧਿਆਤਮਕ ਤੌਰ ਤੇ ਆਦਰਸ਼ਕ ਮਨੁੱਖ ਨੂੰ ਸਚਿਆਰ ਆਖਿਆ ਗਿਆ ਹੈ। ਜਪੁ ਜੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮੁੱਖ ਬਾਣੀ ਹੈ। ਇਸ ਵਿੱਚ ਗੁਰਬਾਣੀ ਦੇ ਲਗਭਗ ਸਾਰੇ ਸੰਕਲਪਾਂ ਦੀ ਝਲਕ ਮਿਲ ਜਾਂਦੀ ਹੈ। ਇਸ ਬਾਣੀ ਵਿੱਚ ਮਨੁੱਖੀ ਜੀਵਨ ਦਾ ਮਨੋਰਥ ਸਚਿਆਰਾ ਬਣਨਾ ਦੱਸਿਆ ਹੈ। ਸਚਿਆਰਾ ਬਣਨ ਲਈ ਹੁਕਮ ਅਨੁਸਾਰ ਚੱਲਣ ਦੀ ਸ਼ਰਤ ਲਗਾਈ ਹੈ। ਹੁਕਮ ਅਨੁਸਾਰ ਚੱਲਣ ਲਈ ਹੁਕਮ ਬਾਰੇ ਜਾਣਨਾ ਜ਼ਰੂਰੀ ਹੈ ਅਤੇ ਹੁਕਮ ਨੂੰ ਜਾਣਨ ਲਈ ਹੁਕਮ ਦੇ ਮਾਲਕ ਪਰਮੇਸ਼ਰ ਦਾ ਜੱਸ ਗਾਇਣ ਕੀਤਾ ਜਾਂਦਾ ਹੈ ਇਸ ਬਾਰੇ ਜਪੁਜੀ ਵਿੱਚ ਸਪਸ਼ਟ ਕੀਤਾ ਗਿਆ ਹੈ:

ਕਿਵ ਸਚਿਆਰਾ ਹੋਈਐ ਕਿਵਿ ਕੂੜੈ ਤੁਟੈ ਪਾਲ।।

ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ॥

ਅਤੇ ਫਿਰ ਕਿਹਾ ਹੈ:

ਨਾਨਕ ਹੁਕਮੇ ਜੇ ਬੁਝੈ ਤ ਹਉਮੈ ਕਹੈ ਨ ਕੋਇ।। (ਜਪੁ ਜੀ, ਪੰਨਾ 1)

ਹੁਕਮ ਨੂੰ ਬੁਝਣ ਲਈ ਪਰਮੇਸ਼ਰ ਦੇ ਗੁਣ ਗਾਇਣ ਕਰਨ ਨੂੰ ਸਾਧਨ ਦੱਸਿਆ ਹੈ:

ਗਾਵੈ ਕੋ ਤਾਣ ਹੋਵੈ ਕਿਸੈ ਤਾਣ॥ਗਾਵੈ ਕੋ ਦਾਤਿ ਜਾਣੈ ਨੀਸਾਣ॥

ਜਿਨ ਸੇਵਿਆ ਤਿਨਿ ਪਾਇਆ ਮਾਨ॥
ਨਾਨਕ ਗਾਵੀਐ ਗੁਣੀ ਨਿਧਾਨ॥

(ਜਪੁ ਜੀ, ਪੰਨਾ 12)

ਸੋਦਰ ਵਾਲੀ ਪਉੜੀ ਵਿੱਚ ਬ੍ਰਹਿਮੰਡੀ ਕੀਰਤਨ ਅਰਥਾਤ ਕੁਦਰਤ ਦੇ ਸੰਗੀਤ ਦੀ ਤਸਵੀਰ ਖਿੱਚੀ ਹੋਈ ਹੈ । ਪ੍ਰਮਾਤਮਾ ਦੇ ਦਰਬਾਰ ਵਿੱਚ ਗਾਇਣ ਕਰਨ ਵਾਲਿਆਂ ਦਾ ਵਰਣਨ ਅਦੁੱਤੀ ਹੈ। ਇੱਥੇ ਚਿੱਤਰ੍ਗੁਪਤ, ਧਰਮਰਾਜ, ਈਸ਼ਵਰ, ਬ੍ਰਹਮਾ, ਦੇਵੀ, ਦੇਵਤੇ, ਸਿੱਧ, ਜਤੀ, ਸਤੀ, ਜੋਧੇ ਆਦਿ ਹੀ ਨਹੀਂ ਗਾ ਰਹੇ ਸਗੋਂ ਪੌਣ, ਪਾਣੀ, ਅੱਗ, ਤਾਰਿਕ ਮੰਡਲ ਅਤੇ ਸਮੁੱਚਾ ਬ੍ਰਹਿਮੰਡ, ਸਮੁੱਚੀ ਸ੍ਰਿਸ਼ਟੀ ਗਾ ਰਹੀ ਹੈ

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣ ਹਾਰੇ॥

ਅੰਤ ਵਿੱਚ ਆਖਦੇ ਹਨ ਕਿ ਕਿਤਨੇ ਗਾ ਰਹੇ ਹਨ ਮੇਰੇ ਚੇਤੇ ਵਿੱਚ ਨਹੀਂ ਆਉਂਦੇ:

ਹੋਰ ਕੇਤੇ ਗਾਵਨ ਸੇ ਮੈ ਚਿਤਿ ਨ ਆਵਨ ਨਾਨਕ ਕਿਆ ਵੀਚਾਰ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 6)

ਗੁਰੂ ਸਾਹਿਬਾਨ ਨੇ ਕੀਰਤਨ ਦਾ ਪ੍ਰਯੋਗ ਸੁਚੇਤ ਰੂਪ ਵਿੱਚ ਕੀਤਾ ਹੈ। ਸੰਗੀਤ ਕਈ ਪੱਖਾਂ ਤੋਂ ਕਾਵਿ ਕਲਾ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਕਾਵਿ ਦੀ ਮੁੱਖ ਸਮਗਰੀ ਭਾਸ਼ਾ ਸ਼ਬਦ ਹੁੰਦਾ ਹੈ। ਸ਼ਬਦ ਦੀ ਮਜਬੂਰੀ ਹੈ ਕਿ ਇਹ ਉਸ ਸਰੋਤੇ ਤੇ ਹੀ ਅਸਰ ਕਰਦਾ ਹੈ ਜਿਹੜਾ ਉਸ ਭਾਸ਼ਾ ਤੋਂ ਜਾਣੂ ਹੋਏ ਪਰ ਸੰਗੀਤ ਵਿੱਚ ਨਾਦ ਤੋਂ ਕੰਮ ਲਿਆ ਜਾਂਦਾ ਹੈ। ਇਹ ਨਾਦ ਮਨੁੱਖਾਂ ਨੂੰ ਹੀ ਨਹੀਂ ਸਗੋਂ ਪਸ਼ੂਪੰਛੀਆਂ ਨੂੰ ਵੀ ਕੀਲ ਲੈਂਦਾ ਹੈ। ਸੰਗੀਤ ਰਤਨਾਕਰ ਵਿੱਚ ਸੰਗੀਤ ਦੀ ਮਹਿਮਾ ਕਰਦਿਆਂ ਦੱਸਿਆ ਹੈ ਕਿ ਪਾਰਵਤੀ ਪਤੀ ਅਤੇ ਦੇਵਤਾ ਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀਪਤੀ ਵੀ ਬੰਸਰੀ ਦੀ ਧੁਨ ਦੇ ਵੱਸ ਹੋ ਗਏ। ਬ੍ਰਹਮਾ ਸਾਮਾਨ ਕਰਦੇ ਹਨ। ਸਰਸਵਤੀ ਵੀਣਾ ਵਿੱਚ ਮਗਨ ਹੈ। ਸੁਰਤੀ, ਗੰਧਰਬ, ਦੇਵ ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਵਿਸ਼ੇ ਸਵਾਦਾਂ ਤੋਂ ਕੋਰਾ ਪੰਘੂੜੇ ਵਿੱਚ ਪਿਆ ਰੋਂਦਾ ਹੋਇਆ ਬਾਲ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖ਼ੁਸ਼ੀ ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ ਵਿੱਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿੱਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ।[1]

ਪੁਰਾਤਨ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਗੀਤ ਕੇਵਲ ਖ਼ੁਸ਼ੀ ਹੀ ਪ੍ਰਦਾਨ ਨਹੀਂ ਕਰਦਾ ਸਗੋਂ ਇਸ ਵਿੱਚ ਦੈਵੀ ਸ਼ਕਤੀ ਹੈ ਜਿਸ ਕਰਕੇ ਇਹ

ਫਸਲਾਂ ਦਾ ਵਾਧਾ ਅਤੇ ਬਰਖਾ ਲਿਆਉਣ ਦਾ ਕਾਰਜ ਵੀ ਕਰਦਾ ਹੈ। ਉਨ੍ਹਾਂ ਅਨੁਸਾਰ ਸੰਗੀਤ ਪ੍ਰਮਾਤਮਾ ਦੀ ਦਾਤ ਸੀ।[2]

ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਨਾਦ ਵੱਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਬੋਧਨ ਸ਼ਕਤੀ ਸਦਕਾ ਉਸ ਨਾਦ੍ਪ੍ਰਵਾਹ ਦੇ ਨਾਲ ਨਾਲ ਤੁਰੀ ਜਾਂਦਾ ਹੈ ਇਸ ਤਰ੍ਹਾਂ ਮਨੁੱਖ ਆਪਣੇ ਅੰਦਰੂਨੀ ਅਨੰਦ ਵਿੱਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿੱਚ ਵਿਚਰਦਾ ਹੈ।[3] ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ।[4] ਸੰਗੀਤ ਅਸਲ ਵਿੱਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ।[5] ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀਂ ਹੁੰਦੇ ਸ਼ੈਕਸਪੀਅਰ ਉਨ੍ਹਾਂ ਨੂੰ ਖ਼ਤਰਨਾਕ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਅਜੇਹੇ ਮਨੁੱਖਾਂ ਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ।[6]

ਯਗਿਆਵਾਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ ਉਸ ਅਨੁਸਾਰ, ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰੱਖਦਾ ਹੈ, ਜਿਹੜਾ ਤਾਲ ਗਿਆਤਾ ਹੈ ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[7] ਸੰਗੀਤ ਮਨ ਨੂੰ ਭਟਕਣ ਤੋਂ ਬਚਾਉਂਦਾ ਹੈ। ਜਿਸ ਤਰ੍ਹਾਂ ਮੂੰਹ ਵਿੱਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਉਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ ਹੈ।[8] ਸੰਗੀਤ ਮਨੁੱਖਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਉਨ੍ਹਾਂ ਵਿੱਚ ਸਮੂਹਕ ਚੇਤਨਾ ਦਾ ਸੰਚਾਰ ਕਰਦਾ ਹੈ।[9]

ਜਦੋਂ ਕਾਵਿ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾ ਹੈ ਤਾਂ ਕਾਵਿ ਦਾ ਅਰਥ ਸਮਝਣ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਹਿਰਦੇ ਵਿੱਚ ਵੱਸ ਜਾਂਦਾ ਹੈ। ਪੰਡਤ ਓਅੰਕਾਰ ਨਾਥ ਠਾਕੁਰ ਲਿਖਦੇ ਹਨ, ਙਸਾਰੇ ਜਾਣਦੇ ਹਨ ਕਿ ਸੰਗੀਤ ਵਿੱਚ ਸ਼ਬਦ ਦੇ ਅਰਥ ਦਾ ਬੋਧ ਹੋਏ ਬਿਨਾਂ ਹੀ ਭਾਵ ਜਾਂ ਰਸ ਦੀ ਪ੍ਰਤੀਤੀ ਹੋ ਜਾਂਦੀ ਹੈ।[10] ਕਵਿਤਾ ਉੱਪਰ ਸੰਗੀਤ ਦੇ ਪ੍ਰਭਾਵ ਦਾ ਸਮਰਥਨ ਸੰਗੀਤਕਾਰ ਹੀ ਨਹੀਂ ਸਗੋਂ ਸਾਹਿਤਕਾਰ ਵੀ ਕਰਦੇ ਹਨ। ਡਾਕਟਰ ਹਰਭਜਨ ਸਿੰਘ ਲਿਖਦੇ ਹਨ, ਙਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਗੀਤ ਕਾਵਿ ਰਚਨਾ ਦੇ ਪ੍ਰਭਾਵ ਨੂੰ ਤੀਖਣ ਕਰਦਾ ਹੈ।[11]

ਸੰਗੀਤ ਵਿੱਚ ਸੁਰ ਪ੍ਰਧਾਨ ਹੈ ਅਤੇ ਕਾਵਿ ਵਿੱਚ ਸ਼ਬਦ, ਪਰ ਸ੍ਰੇਸ਼ਟ ਕਾਵਿ ਵਿੱਚ ਗਾਇਣ ਦਾ ਵੀ ਘਟ ਉਪਯੋਗ ਨਹੀਂ। ਸੰਗੀਤ ਭਾਵੇਂ ਸੁਤੰਤਰ ਕਲਾ ਹੈ, ਪਰ ਕਵਿਤਾ ਵਿੱਚ ਉਹ ਸ਼ਬਦ ਨਾਲ ਮਿਲ ਕੇ ਹੀ ਸਾਰਥਿਕ ਹੁੰਦੀ ਹੈ। ਪ੍ਰਾਚੀਨ ਵਿਦਵਾਨਾਂ ਨੇ ਗੀਤ, ਨ੍ਰਿਤ ਅਤੇ ਵਾਦਨ ਨੂੰ ਸੰਗੀਤ ਵਿੱਚ ਹੀ ਸ਼ਾਮਲ ਕੀਤਾ ਹੈ ਕਿਉਂਕਿ ਤਿੰਨਾਂ ਦਾ ਮੂਲ ਅਧਾਰ ਗਤੀ ਹੈ। ਇਹੋ ਗਤੀ ਛੰਦ ਪੱਧਤੀ ਰਾਹੀਂ ਪ੍ਰਗਟ ਹੁੰਦੀ ਹੈ।[12] ਸੰਗੀਤ ਕੇਵਲ ਕਵਿਤਾ ਨੂੰ ਹੀ ਪ੍ਰਭਾਵਸ਼ਾਲੀ ਨਹੀਂ ਬਣਾਉਂਦਾ ਸਗੋਂ ਆਮ ਗੱਲ੍ਹ ਬਾਤ ਵਿੱਚ ਵੀ ਸੰਗੀਤਕ ਤੱਤਾਂ ਦੇ ਪ੍ਰਯੋਗ ਕਰਕੇ ਉਹਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਲਲਿਤ ਕਿਸ਼ੋਰ ਸਿੰਘ ਲਿਖਦੇ ਹਨ, ਙਅੱਜ ਵੀ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਵਿਚਾਰ ਨੂੰ ਭਾਵ ਭਰਪੂਰ ਕਰਨਾ ਹੁੰਦਾ ਹੈ ਤਾਂ ਵਕਤਾ ਇੱਕ ਸੁਰ ਦੀ ਥਾਂ ਕਈ ਸੁਰਾਂ ਦੀ ਅਵਰੋਹੀ੍ਹਅਵਰੋਹੀ ਜਾਂ ਲੈਅ ਤੋਂ ਕੰਮ ਲੈਂਦਾ ਹੈ ਅਰਥਾਤ ਸਾਰਥਿਕ ਵਾਕਾਂ ਵਿੱਚ ਸੰਗੀਤ ਦਾ ਪੁੱਟ ਪਾਉਂਦਾ ਹੈ।[13] ਇਸ ਤਰ੍ਹਾਂ ਸੰਗੀਤ ਤੇ ਭਾਸ਼ਾ ਦੋਵੇਂ ਅੰਤਰ ਸੰਬੰਧਤ ਸਾਬਤ ਹੁੰਦੇ ਹਨ। ਇਸ ਬਾਰੇ ਭਗਵਤ ਸ਼ਰਨ

ਉਪਾਧਿਆਇ ਦਾ ਇਹ ਕਥਨ ਵੀ ਵਰਨਣਯੋਗ ਹੈ, ਸੰਗੀਤ ਅਤੇ ਸਾਹਿਤ ਵਿੱਚ ਗੂੜ੍ਹ ਸੰਬੰਧ ਹੈ। ਸਾਹਿਤ ਸੰਗੀਤ ਨੂੰ ਬੋਲੀ ਦਿੰਦਾ ਹੈ। ਸੰਗੀਤ ਉਸ ਨੂੰ ਆਪਣੀ ਲੈਅ ਤੇ ਤਰੰਗਤ ਕਰਕੇ ਉਹਨੂੰ ਅਸੀਮ ਕਰ ਦਿੰਦਾ ਹੈ।[14] ਇਸੇ ਲਈ ਡਾ। ਓਮਾ ਮਿਸ਼ਰ ਨੇ ਕਿਹਾ ਹੈ, ਕਵਿਤਾ ਜਦੋਂ ਤਕ ਗਾਈ ਨਹੀਂ ਜਾਂਦੀ ਉਦੋਂ ਤਕ ਉਹ ਆਪਣਾ ਪੂਰਾ ਪ੍ਰਭਾਵ ਨਹੀਂ ਪਾ ਸਕਦੀ ਅਤੇ ਸੰਗੀਤ ਵੀ ਜਦੋਂ ਤਕ ਗੀਤ ਦਾ ਸੰਗ ਨਹੀਂ ਮਾਣਦਾ ਉਦੋਂ ਤਕ ਪੂਰੀ ਤਰ੍ਹਾਂ ਪ੍ਰਭਾਵ ਪੈਦਾ ਕਰਨ ਦੇ ਕਾਬਲ ਨਹੀਂ ਹੋ ਸਕਦਾ।[15]

ਜਿਸ ਸੰਗੀਤ ਕਲਾ ਵਿੱਚ ਇਤਨੀ ਸ਼ਕਤੀ ਹੈ ਕੁਦਰਤੀ ਸੀ ਕਿ ਗੁਰੂ ਨਾਨਕ ਦੇਵ ਜੀ ਇਸ ਦਾ ਉਪਯੋਗ ਕਰਦੇ। ਸੋ ਉਨ੍ਹਾਂ ਨੇ ਆਪਣੀ ਕਾਵਿ ਬਾਣੀ ਨੂੰ ਸੰਗੀਤ ਨਾਲ ਸੰਬੰਧਤ ਕਰਕੇ ਗਾਇਆ ਤੇ ਜੋ ਉਸ ਦਾ ਜੋ ਅਸਰ ਹੋਇਆ ਉਸ ਸਬੰਧੀ ਭਾਈ ਵੀਰ ਸਿੰਘ ਜੀ[16] ਦਾ ਕਥਨ ਹੈ, ਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾ ਬਹੁਤ ਪਥਰਾਈ ਕਾਰਨ ਜ਼ੋਰ ਲਾਉਂਦਿਆਂ ਬੀ ਪੰਘਰਨੋ ਅੜ ਖਲੋਤੇ ਤਾਂ ਰੰਗ ਰੱਤੜੇ ਦਾਤਾ ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆਂ ਵਿੱਚ ਗੋਤਾ ਲਾਇਆ ਅਤੇ ਰਤਨਾਂ ਜਵਾਹਰਾਤ ਮੋਤੀਆਂ ਨਾਲ ਡੁੱਲ੍ਹ-ਡੁੱਲ੍ਹ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ਼ ਨਾਲ ਚਮਕਦੇ ਬਾਹਰ ਨਿਕਲੇ। ਤੇਜ ਦਾ ਅਸਰ ਚੁਫੇਰੇ ਪਾਇਆ ਤੇ ਸੰਗੀਤਕ ਲਹਿਰ ਵਿੱਚ ਆ ਕੇ ਉਨ੍ਹਾਂ ਦੇ ਇਲਾਹੀ ਗਲੇ ਤੋਂ ਛਿੜ ਪਿਆ ਇਲਾਹੀ ਨਾਦ। ਉਸ ਤੇਜ ਨਾਲ ਉਸ ਸੰਗੀਤ ਲਹਿਰਾਉਂਦੀ ਛੁਹ ਨਾਲ ਉਹ ਪੰਘਰੇ ਮਨ ਦ੍ਰਵ ਕੇ ਵਹਿ ਕੇ ਤੁਰੇ ਤੇ ਵਹਿ ਜਾ ਕੇ ਮਿਲੇ:

ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1374)

ਕੀਰਤਨ ਦੀ ਮਹਿਮਾ ਬਾਰੇ ਗੁਰਬਾਣੀ ਵਿੱਚ ਅਨੇਕਾਂ ਕਥਨ ਦਰਸਾਉਂਦੇ ਹਨ ਕਿ ਗੁਰੂ ਸਾਹਿਬਾਨ  ਕੀਰਤਨ ਅਰਥਾਤ ਪਰਮੇਸ਼ਰ ਦੇ ਗੁਣ ਗਾਇਣ ਕਰਨ ਨੂੰ ਬਹੁਤ ਪ੍ਰਭਾਵਸ਼ਾਲੀ ਸਮਝਦੇ ਸਨ।

ਕਲਿਜੁਗ ਮਹਿ ਕੀਰਤਨੁ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)

ਕੀਰਤਨੁ ਨਿਰਮੋਲਕ ਹੀਰਾ॥ਆਨੰਦ ਗੁਣੀ ਗਹੀਰਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 893)

ਗੁਰੂ ਸਾਹਿਬ ਉਸ ਸਥਾਨ ਦੀ ਭਾਲ ਕਰਦੇ ਹਨ ਜਿੱਥੇ ਕੀਰਤਨ ਹੁੰਦਾ ਹੈ:

ਸੋ ਅਸਥਾਨ ਬਤਾਵਹੁ ਮੀਤਾ॥ਜਾਕੈ ਹਰਿ ਹਰਿ ਕੀਰਤਨ ਨੀਤਾ॥
(ਪੰਨਾ 385)

ਗੁਰਦੁਆਰੈ ਹਰਿ ਕੀਰਤਨੁ ਸੁਣੀਐ॥
ਸਤਿਗੁਰ ਭੇਟਿ ਹਰਿ ਜਸੁ ਮੁਖਿ ਭਣੀਅ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1018)

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥
ਨਾਨਕ ਕਹੈ ਸੁਨਿ ਰੇ ਮਨਾ ਕਰਿ ਕੀਰਤਨ ਹੋਇ ਉਧਾਰੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 214)

ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਹੁ ਉਠ ਨੀਤ॥
ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 519)

ਗ੍ਰਿਹਿ ਤਾ ਕੇ ਬਸੰਤੁ ਗਨੀ॥ ਜਾ ਕੇ ਕੀਰਤਨੁ ਹਰਿ ਧੁਨੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)

ਹਰਿ ਦਿਨੁ ਰੈਣਿ ਕੀਰਤਨੁ ਗਾਈਐ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 623)

ਹਰੀ ਕੀਰਤਨ ਨੂੰ ਹਰਿ ਜਸੁ ਆਖਦਿਆਂ ਇਸ ਨੂੰ ਰਤਨ ਜਵਾਹਰ, ਮਾਣਕ ਹੀਰੇ ਮੋਤੀ ਨਾਲ ਤੁਲਨਾ ਦਿੱਤੀ ਗਈ ਹੈ:

ਗੁਰ ਕੀ ਸੇਵਾ ਮੁਕਤ ਪਰਾਇਣ ਅਨਦਿਨ ਕੀਰਤਨ ਕੀਨਾ ਹੇ॥
ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ॥
(ਮਾਰੂ ਸੋਲਹੇ ਮਹਲਾ 1, ਪੰਨਾ 1028)

ਹਰੀ ਦੇ ਗੁਣ ਗਾਇਣ ਕਰਨ ਅਰਥਾਤ ਕੀਰਤਨ ਵਿੱਚ ਮਨ ਨੂੰ ਇਕਾਗਰ ਕਰਨ ਦੀ ਸ਼ਕਤੀ ਹੈ। ਇਸ ਦਾ ਮਨ ਉਂਤੇ ਸਿੱਧਾ ਪ੍ਰਭਾਵ ਪੈਂਦਾ ਹੈ। ਇਸ ਤਰਾਂ ਬਿਰਤੀ ਸਹਿਜੇ ਹੀ ਇਕਾਗਰ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ॥
(ਭੈਰਉ ਮਹਲਾ 1, ਪੰਨਾ 1125)

ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ॥
ਜੇ ਤੂ ਦੇਹਿ ਤ ਹਰਿ ਰਸੁ ਗਾਈ ਮਨ ਤ੍ਰਿਪਤੈ ਹਰਿ ਲਿਵ ਲਾਗਾ॥
(ਸੋਰਠ ਮਹਲਾ 1, ਪੰਨਾ 598)

ਗਾਇਣ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਗੁਣ ਗਾਇਣ ਕਰਨ ਲਈ ਮਨ ਇਸ ਗਾਇਣ ਕਲਾ ਦੇ ਹਵਾਲੇ ਕਰਨਾ ਪੈਂਦਾ ਹੈ। ਇਸੇ ਲਈ ਗੁਰੂ ਸਾਹਿਬ ਉਚਾਰਦੇ ਹਨ:

ਮਨੁ ਦੇ ਲੀਆ ਰਹਸਿ ਗੁਣ ਗਾਈ॥
(ਗਉੜੀ ਗੁਆਰੇਰੀ ਮਹਲਾ 1, ਪੰਨਾ 221)

ਗਾਇਣ ਕਰਨ ਨਾਲ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ:
ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ॥
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥
ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥
(ਗਉੜੀ ਪੂਰਬੀ ਦੀਪਕੀ ਮਹਲਾ 1, ਪੰਨਾ 157)

ਹਰੀ ਦੇ ਗੁਣ ਗਾਇਣ ਕਰਨ ਨਾਲ ਹਰੀ ਮਿਲ ਪੈਂਦਾ ਹੈ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ:

ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ॥
(ਆਸਾ ਮਹਲਾ 1, ਪੰਨਾ 422)

ਹਰੀ ਦੇ ਗੁਣ ਗਾਇਣ ਕਰਨ ਨਾਲ ਜਮ ਦੂਤ ਨੇੜੇ ਨਹੀਂ ਆਉਂਦਾ:

ਦੂਤ ਨ ਲਾਗਿ ਸਕੈ ਗੁਨ ਗਾਇ॥
(ਆਸਾ ਮਹਲਾ 1, ਪੰਨਾ 416)

ਹਿਰਦੈ ਸਾਚੁ ਵਸੈ ਹਰਿ ਨਾਇ॥
ਕਾਲੁ ਨ ਜੋਹਿ ਸਕੈ ਗੁਣ ਗਾਇ॥
(ਗਉੜੀ ਮਹਲਾ 1, ਪੰਨਾ 227)

ਭਾਵ ਹਰੀ ਦੇ ਗੁਣ ਗਾਇਣ ਕਰਨ ਨਾਲ ਮਨੁੱਖ ਕਾਲ ਭਾਵ ਜਨਮ ਮਰਨ ਦੇ ਚੱਕਰ ਤੋਂ ਬਚ ਜਾਂਦਾ ਹੈ।

ਅਕੁਲ ਗਾਇ ਜਮ ਤੇ ਕਿਆ ਡਰੀਐ॥
(ਮਾਰੂ ਮਹਲਾ 1, ਪੰਨਾ 1040)

ਇਸ ਕਰਕੇ ਗੁਰਬਾਣੀ ਵਿੱਚ ਮਨੁੱਖ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਪਰਮੇਸ਼ਰ ਦੇ ਗੁਣ ਗਾਇਣ ਕਰੇ। ਹਰੀ ਦਾ ਜੱਸ ਕਰਨ ਨਾਲ ਹੀ ਅਸਲ ਲਾਭ ਪ੍ਰਾਪਤ ਹੁੰਦਾ ਹੈ ਇਸ ਨਾਲ ਹੀ ਪਰਮੇਸ਼ਰ ਖ਼ੁਸ਼ ਹੁੰਦਾ ਹੈ:

ਭਾਈ ਰੇ ਰਾਮ ਕਹੁ ਚਿਤਿ ਲਾਇ॥
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤਿਆਇ॥
(ਸਿਰੀ ਰਾਗ ਮਹਲਾ 1, ਪੰਨਾ 22)

ਗੁਰੂ ਅਮਰ ਦਾਸ ਜੀ ਨੇ ਆਪਣੀ ਪ੍ਰਸਿੱਧ ਬਾਣੀ ਅਨੰਦ ਸਾਹਿਬ ਵਿੱਚ ਗੁਰਬਾਣੀ ਗਾਉਣ ਲਈ ਆਦੇਸ਼ ਦਿੱਤੇ ਹਨ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920)

ਗੁਰਬਾਣੀ ਗਾਵਹ ਭਾਈ॥
ਓਹ ਸਫਲ ਸਦਾ ਸੁਖਦਾਈ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 629)

ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨਿ ਰਾਗ ਰਤਨ ਰਸਨਾ ਅਲਾਪ॥
(ਗੁਰੂ ਗ੍ਰੰਥ ਸਾਹਿਬ, ਪੰਨਾ 821)

ਸਿੱਖ ਦੇ ਨਿਤਨੇਮ ਵਿੱਚ ਗੁਰਬਾਣੀ ਗਾਇਣ ਨੂੰ ਸ਼ਾਮਿਲ ਕੀਤਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮ ਧਿਆਵੈ॥
(ਗੁਰੂ ਗ੍ਰੰਥ ਸਾਹਿਬ, ਪੰਨਾ 305)

ਸਾਧੋ ਗੋਬਿੰਦ ਕੇ ਗੁਨ ਗਾਵਉ॥
ਮਾਨਸ ਜਨਮੁ ਅਮੋਲਕ ਪਾਇਓ ਬਿਰਥਾ ਕਾਹਿ ਗਵਾਵਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 247)

ਭਾਵ ਹੇ ਸਾਧੂ ਜਨੋਂ ਹੋਰ ਜਤਨਾਂ ਵਿੱਚ ਆਪਣਾ ਬਹੁਮੁੱਲਾ ਮਨੁੱਖਾ ਜਨਮ ਬਿਰਥਾ ਨਾ ਗਵਾਓ। ਹਰੀ ਦੇ ਗੁਣ ਗਾ ਕੇ ਇਸ ਨੂੰ ਸਫਲ ਕਰੋ।

ਜਿੱਥੇ ਵੀ ਕੋਈ ਗੁਰੂ ਸਾਹਿਬ ਦਾ ਸਿੱਖ ਬਣਦਾ ਗੁਰੂ ਸਾਹਿਬ ਉਸ ਨੂੰ ਧਰਮਸਾਲਾ ਕਾਇਮ ਕਰਨ ਲਈ ਕਹਿੰਦੇ। ਇਹਨਾਂ ਧਰਮਸਾਨਾਂ ਵਿੱਚ ਕੀਰਤਨ ਪ੍ਰਮੁੱਖ ਕਰਮ ਹੁੰਦਾ ਸੀ।

ਭਾਈ ਗੁਰਦਾਸ ਜੀ ਦਾ ਕਥਨ ਹੈ:

ਘਰਿ ਘਰਿ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਿਸੋਆ॥
(ਵਾਰ 1, ਪਉੜੀ 27)

ਸਿੱਖ ਇਤਿਹਾਸ ਤੋਂ ਪ੍ਰਗਟ ਹੁੰਦਾ ਹੈ ਕਿ ਉਦਾਸੀਆਂ ਉਪਰੰਤ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰ ਪੁਰ ਵਿਖੇ ਸਿੱਖ ਧਰਮਸਾਲ (ਗੁਰਦੁਆਰਾ) ਦੇ ਸੰਸਥਾਗਤ ਪ੍ਰਚਲਣ ਲਈ ਵਾਸ ਕੀਤਾ ਤਾਂ ਕੀਰਤਨ ਕਰਨ ਦੀ ਗੁਰ ਮਰਯਾਦਾ ਨੂੰ ਵਿਸ਼ੇਸ਼ ਰੂਪ ਵਿੱਚ ਅਪਣਾਇਆ।

ਭਾਈ ਗੁਰਦਾਸ ਜੀ ਅਨੁਸਾਰ:

ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖ ਉਦਾਸੀ ਸਗਲ ਉਤਾਰਾ॥
ਗਿਆਨ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਪਿੱਛੇ ਧੁਨਕਾਰਾ॥
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪ ਉਚਾਰਾ॥
(ਭਾਈ ਗੁਰਦਾਸ, ਵਾਰ 1, ਪਉੜੀ 38)

ਜਿਵੇਂ ਕਿ ਪਿੱਛੇ ਦੱਸਿਆ ਜਾ ਚੁਕਾ ਹੈ ਕਿ ਗੁਰਬਾਣੀ ਨੂੰ ਰਾਗਾਂ ਵਿੱਚ ਗਾਇਣ ਕਰਨ ਦਾ ਨਾਮ ਕੀਰਤਨ ਹੈ। ਗੁਰੂ ਸਾਹਿਬਾਨ ਰਾਗ ਪ੍ਰਭਾਵ ਤੋਂ ਜਾਣੂ ਸਨ ਇਸ ਲਈ ਉਹ ਰਾਗਾਂ ਦੀ ਵਰਤੋਂ ਬਾਰੇ ਬਹੁਤ ਸੁਚੇਤ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਹੁਤੀਆਂ ਰਚਨਾਵਾਂ ਉੱਪਰ ਜਿੱਥੇ ਕਾਵਿ ਰੂਪ ਨਾਲ ਸੰਬੰਧਤ ਸਿਰਲੇਖ ਦਿੱਤਾ ਉੱਥੇ ਉਨ੍ਹਾਂ ਨੂੰ ਗਾਉਣ ਲਈ ਰਾਗ ਵੀ ਨਿਸ਼ਚਿਤ ਕੀਤਾ ਹੈ। ਸੰਗੀਤ ਦੀ ਕਿਰਤ ਰਾਗ ਹੈ । ਰਾਗ ਬਾਰੇ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਖ਼ਾਸ ਤਰ੍ਹਾਂ ਦੇ ਅਨੁਭਵਾਂ ਨੂੰ ਖ਼ਾਸ ਤਰ੍ਹਾਂ ਦੇ ਰਾਗ ਹੀ ਪ੍ਰਗਟ ਕਰ ਸਕਦੇ ਹਨ। ਪਰ ਹਰ ਰਾਗ ਸਰੋਤਿਆਂ ਉੱਪਰ ਵੀ ਆਪਣਾ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ।

ਰਾਗ ਦਾ ਅਰਥ ਹੀ ਮਨੁੱਖੀ ਮਨ ਨੂੰ ਖ਼ਾਸ ਤਰ੍ਹਾਂ ਦੀਆਂ ਭਾਵਨਾਵਾਂ ਵਿਚ ਰੰਗਣ ਵਾਲਾ ਹੈ।[17] ਹਰ ਰਾਗ ਦੀ ਸਿਰਜਣਾ ਵਿਸ਼ੇਸ਼ ਸੁਰਾਂ ਦੇ ਸੰਜੋਗ ਨਾਲ ਹੁੰਦੀ ਹੈ ਇਸ ਲਈ ਹਰ ਇਕ ਰਾਗ ਵਿਸ਼ੇਸ਼ ਭਾਵਾਂ ਨਾਲ ਸੰਬੰਧਤ ਹੁੰਦਾ ਹੈ। ਜਿਵੇਂ ਆਮ ਬੋਲ ਚਾਲ ਵਿਚ ਸਾਡੇ ਉਚਾਰਨ ਦੇ ਢੰਗਾਂ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ ਅਰਥਾਤ ਬਹੁਤਾ ਜ਼ੋਰ ਨਾਲ ਬੋਲਣ ਨਾਲ ਲੜਨ, ਝਗੜਨ, ਬਹੁਤੀ ਖ਼ੁਸ਼ੀ ਅਤੇ ਚੰਚਲਤਾ ਦਾ ਭਾਵ ਪ੍ਰਗਟ ਹੁੰਦਾ ਹੈ। ਹੌਲੀ ਬੋਲਣ ਨਾਲ ਅਧੀਨਗੀ, ਮਧੁਰਤਾ, ਧੀਰਜ, ਸ਼ਾਂਤੀ ਆਦਿ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਇਸੇ ਤਰ੍ਹਾਂ ਵੱਖ ਵੱਖ ਸੁਰਾਂ ਦੇ

ਪ੍ਰਯੋਗ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ।[18] ਸੰਗੀਤ ਆਚਾਰੀਆਂ ਨੇ ਹਰ ਰਾਗ ਦਾ ਇਕ ਰਸ ਮੰਨਿਆ ਹੈ। ਭਾਵੇਂ ਵੱਖ ਵੱਖ ਰਾਗਾਂ ਬਾਰੇ ਰਸਾਂ ਸੰਬੰਧੀ ਅਸਪਸ਼ਟਤਾ ਹੈ ਪਰ ਫਿਰ ਵੀ ਸਾਧਾਰਨ ਤੌਰ ਤੇ ਸੰਗੀਤ ਵਿਚ ਤਿੰਨ ਚਾਰ ਰਸਾਂ ਦੀ ਹੀ ਪ੍ਰਧਾਨਤਾ ਮੰਨੀ ਜਾਂਦੀ ਹੈ ਸ਼ਿੰਗਾਰ, ਸ਼ਾਂਤ, ਕਰੁਣਾ, ਵੀਰ ਆਦਿ। ਹਰ ਰਾਗ ਦੇ ਵਾਤਾਵਰਣ ਵਿਚ ਇਕ ਨਿੱਜੀ ਰਸ ਹੁੰਦਾ ਹੈ ਜਿਸ ਦਾ ਸਾਡੇ ਹਿਰਦੇ ੋਤੇ ਪ੍ਰਭਾਵ ਪੈਂਦਾ ਹੈ।[19]

ਪੁਰਾਤਨ ਸੰਗੀਤ ਅਚਾਰੀਆਂ ਨੇ ਰਾਗਾਂ ਦੇ ਅਨੁਕੂਲ ਕਈ ਰਾਗਾਂ ਦਾ ਮਾਨਵੀਕਰਨ ਕਰਦਿਆਂ ਉਨ੍ਹਾਂ ਦੇ ਚਿੱਤਰ ਬਣਾਏ ਹਨ ਅਤੇ ਉਨ੍ਹਾਂ ਦਾ ਸਰੂਪ ਵੀ ਵਰਣਨ ਕੀਤਾ ਗਿਆ ਹੈ। ਇਸ ਸਰੂਪ ਨੂੰ ਧਿਆਨ ਕਿਹਾ ਜਾਂਦਾ ਹੈ। ਸੰਗੀਤ ਸ਼ਾਸਤਰੀਆਂ ਅਨੁਸਾਰ ਜਿਹੜਾ ਗਾਇਕ ਰਾਗ ਦਾ ਧਿਆਨ ਮਨ ਵਿੱਚ ਵਸਾਏ ਬਿਨਾਂ ਉਸ ਦਾ ਗਾਇਣ ਕਰਦਾ ਹੈ ਉਸ ਨੂੰ ਮਨਇਛਤ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਸਪਸ਼ਟ ਹੈ ਕਿ ਜਿਹੜਾ ਗਾਇਕ ਰਾਗ ਦੇ ਭਾਵ ਸੰਬੰਧੀ ਉਸ ਦੀ ਖ਼ਾਸ ਸ਼ਖ਼ਸੀਅਤ ਤੋਂ ਵਾਕ। ਨਹੀਂ ਹੋਵੇਗਾ। ਉਸੇ ਰੂਪ ਨੂੰ ਠੀਕ ਪੇਸ਼ ਨਹੀਂ ਕਰ ਸਕੇਗਾ ਤੇ ਸਰੋਤਿਆਂ ਨੂੰ ਅਨੰਦ ਨਹੀਂ ਆਵੇਗਾ।[20]

ਗੁਰੂ ਨਾਨਕ ਦੇਵ ਜੀ ਦੇ ਵੇਲੇ ਦੇ ਰਾਗਾਂ ਦੇ ਬਹੁਤੇ ਭਾਵ ਚਿੱਤਰ ਜਾਂ ਧਿਆਨ ਸ਼ਿੰਗਾਰ ਰਸੀ ਭਾਵਾਂ ਦੀ ਅਨੁਭੂਤੀ ਕਰਾਉਂਦੇ ਸਨ ਕਿਉਂਕਿ ਬਹੁਤੇ ਸੰਗੀਤਕਾਰ ਰਾਜਿਆਂ ਮਹਾਰਾਜਿਆਂ ਦੇ ਆਸਰੇ ਤੇ ਰਹਿੰਦੇ ਸਨ ਇਸ ਲਈ ਉਨ੍ਹਾਂ ਦਾ ਮੁੱਖ ਮੰਤਵ ਆਪਣੇ ਦਾਤਿਆਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਨਾ ਸੀ। ਪਰ ਗੁਰੂ ਸਾਹਿਬ ਦੇ ਸਰੋਤੇ ਨਾ ਤਾਂ ਰਾਜੇ ਮਹਾਰਾਜੇ ਸਨ ਅਤੇ ਨਾ ਹੀ ਉਹ ਰਾਗਾਂ ਰਾਹੀਂ ਆਪਣੇ ਸਰੋਤਿਆਂ ਨੂੰ ਕੇਵਲ ਆਨੰਦ ਦੇਣਾ ਚਾਹੁੰਦੇ ਸਨ। ਉਹ ਤਾਂ ਆਮ ਵਿੱਚ

ਕਲਿਆਣਕਾਰੀ ਭਾਵਨਾਵਾਂ ਦਾ ਸੰਚਾਰ ਕਰਨਾ ਲੋੜਦੇ ਸਨ। ਇਸ ਲਈ ਉਨ੍ਹਾਂ ਨੇ ਰਾਗਾਂ ਨੂੰ ਵਿਲਾਸੀ ਵਾਤਾਵਰਣ ਨਾਲੋਂ ਮੁਕਤ ਕਰਕੇ ਉਨ੍ਹਾਂ ਦਾ ਪ੍ਰਯੋਗ ਕੀਤਾ ਅਤੇ ਇਸ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਵੱਲੋਂ ਸਪਸ਼ਟ ਨਿਰਦੇਸ਼ ਵੀ ਦਿੱਤੇ। ਕੁਝ ਰਾਗਾਂ ਦਾ ਤੁਲਨਾਤਮਿਕ ਅਧਿਐਨ ਕਰਨਾ ਅਣਉੱਚਿਤ ਨਹੀਂ ਹੋਵੇਗਾ:

## ਸਿਰੀ ਰਾਗ

ਇਸ ਰਾਗ ਦਾ ਭਾਵ ਚਿੱਤਰ ਬਿਆਨ ਕਰਦਿਆਂ ਸੰਗੀਤ ਦਰਪਣ[21] ਵਿਚ ਦੱਸਿਆ ਗਿਆ ਹੈ, ̆ਜਿਸ ਦੀ ਉਮਰ ਅਠਾਰਾਂ ਸਾਲਾਂ ਦੀ ਹੈ। ਕਾਮਦੇਵ ਵਰਗੀ ਜਿਸ ਦੀ ਸੂਰਤ ਹੈ ਜੋ ਧੀਰ ਅਤੇ ਜਿਸ ਨੇ ਕੋਮਲ ਫੁੱਲਾਂ ਦੇ ਗਹਿਣੇ ਪਾਏ ਹੋਏ ਹਨ। ਪਰ ਗੁਰੂ ਕਾਵਿ ਵਿਚ ਇਸ ਰਾਗ ਬਾਰੇ ਆਦੇਸ਼ ਦਿੱਤਾ ਹੈ:

ਰਾਗਾਂ ਵਿਚਿ ਸ੍ਰੀ ਰਾਗ ਜੇ ਸਚਿ ਧਰੇ ਪਿਆਰੁ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83)

## ਰਾਗ ਗਉੜੀ

ਇਸ ਰਾਗ ਬਾਰੇ ਰਾਗ ਵਿਬੋਧ[22] ਵਿਚ ਦੱਸਿਆ ਹੈ ਕਿ ਇਹ ਗੋਰੇ ਰੰਗ ਵਾਲੀ ਅਤੇ ਕਮਲ ਵਰਗੀਆਂ ਅੱਖਾਂ ਵਾਲੀ ਹੈ। ਇਸ ਨੇ ਦੁੱਧ ਦੇ ਸਮੁੰਦਰ ਵਰਗੇ ਸ ੀਦ ਬਸਤਰ ਪਾਏ ਹੋਏ ਹਨ। ਇਸ ਦੀ ਸੁਭਾਵਕ ਸੁੰਦਰ ਹਾਸੀ ਹੈ ਅਤੇ ਲੰਮੀਆਂ ਲੰਮੀਆਂ ਬਾਹਵਾਂ ਪਰ ਗੁਰੂ ਸਾਹਿਬ ਨੇ ਇਸ ਰਾਗ ਬਾਰੇ ਉਚਾਰਿਆ ਹੈ:

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 311)

## ਰਾਗ ਗੂਜਰੀ

ਇਸ ਰਾਗ ਨੂੰ ਨਾਇਕਾ ਦੱਸਦਿਆਂ ਕਿਹਾ ਹੈ ਕਿ ਇਸ ਨੇ ਬਾਰਾਂ ਰੰਗਾਂ ਦੇ ਬਸਤਰ ਧਾਰਨ ਕੀਤੇ ਹੋਏ ਹਨ। ਪੀਲੇ ਰੰਗ ਦੀ ਚੋਲੀ ਅਤੇ ਸੁਨਹਿਰੀ ਬੂਟੀਦਾਰ ਸੁਰੰਗੀ ਸਾੜ੍ਹੀ ਪਹਿਨੀ ਹੋਈ ਹੈ। ਸਜੇ ਹੋਏ ਪਲੰਘ ਤੇ ਇਕੱਲੀ ਬੈਠੀ ਬੇਹਾਲ ਵੀਣਾ੍ਵਾਦਨ ਕਰ ਰਹੀ ਹੈ। ਇਹ ਪਰਮ ਸੁੰਦਰੀ ਅਤਿਅੰਤ ਪਤਲੀ ਕਮਰ ਵਾਲੀ ਯੌਵਨ ਰਸ ਨਾਲ ਭਰਪੂਰ, ਕੋਇਲ ਵਾਂਗ ਮਿਠ੍ਬੋਲੜੀ ਤਾਲ ਨਾਲ ਗਾਉਣ ਵਿਚ ਪ੍ਰਵੀਨ ਹੈ।[23] ਪਰ ਗੁਰੂ ਜੀ ਨੇ ਇਸ ਰਾਗ ਬਾਰੇ ਲਿਖਿਆ ਹੈ:

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 516)

## ਸੋਰਠ ਰਾਗ

ਇਸ ਨੂੰ ਰਾਗਣੀ ਦੱਸਦਿਆਂ ਸੰਗੀਤ ਦਰਪਣ[24] ਵਿਚ ਲਿਖਿਆ ਹੈ ਜਿਸ ਨੇ ਉੱਚੇ ਅਤੇ ਪੁਸ਼ਟ ਸਤਣਾ ਤੇ ਸੁੰਦਰ ਹਾਰ ਪਹਿਨੇ ਹੋਏ ਹਨ ਅਤੇ ਜਿਸ ਦਾ ਚਿੱਤ, ਕੰਨ ਵਿਚ ਪਾਏ ਹੋਏ ਕੌਂਪਲ ਦੇ ਆਸ ਪਾਸ ਗੂੰਜਣ ਵਾਲੇ ਭੌਰੇ ਦੀ ਭੂਰੇ ਤੋਂ ਉਚਾਟ ਹੋ ਰਿਹਾ ਹੈ। ਜਿਸ ਦੀ ਬਾਂਹ ਸ਼ਿਥਿਲ ਹੋ ਗਈ ਹੈ ਅਤੇ ਜਿਹੜੀ ਆਪਣੇ ਪ੍ਰੀਤਮ ਕੋਲ ਜਾ ਰਹੀ ਹੈ।

ਪਰ ਗੁਰੂ ਸਾਹਿਬਾਨ ਨੇ ਰਾਗ ਸੋਰਠ ਰਾਹੀਂ ਨਾਮ ਦਾ ਰਸ ਪੀਣ ਦੀ ਗੱਲ ਕੀਤੀ ਹੈ:

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1425)

## ਰਾਗ ਧਨਾਸਰੀ

ਰਾਗ ਵਿਬੋਧ[25] ਵਿਚ ਇਸ ਰਾਗ ਦੇ ਸਰੂਪ ਦਾ ਜਿਹੜਾ ਬਿਆਨ ਕੀਤਾ ਗਿਆ ਹੈ ਉਹ ਇਤਨਾ ਸ਼ਿੰਗਾਰਕ ਹੈ ਕਿ ਕਈ ਥਾਵਾਂ ਤੇ ਉਹ ਅਸ਼ਲੀਲ ਵੀ ਹੋ ਜਾਂਦਾ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਜਨ ਸਤਿਗੁਰ ਕੀ ਕਾਰੋ ਨਾਲ ਸੰਬੰਧਤ ਕਰ ਦਿੱਤਾ ਹੈ:

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥
ਤਨ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1419)

## ਰਾਗ ਬਿਲਾਵਲ

ਸੰਗੀਤ ਦਰਪਣ[26] ਵਿਚ ਇਸ ਨੂੰ ਰਾਗਣੀ ਦੱਸਿਆ ਹੈ ਅਤੇ ਇਸ ਬਾਰੇ ਲਿਖਿਆ ਹੈ, ਆਪਣੇ ਪ੍ਰੀਤਮ ਨੂੰ ਮਿਲਣ ਲਈ ਨਿਸ਼ਚਤ ਸਥਾਨ ਨੂੰ ਜਿਸ ਨੇ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਹੈ। ਜਿਸ ਨੇ ਆਪਣੇ ਸਰੀਰ ਤੇ ਕਈ ਤਰ੍ਹਾਂ ਦੇ ਗਹਿਣੇ ਸਜਾਏ ਹੋਏ ਹਨ ਅਤੇ ਜਿਹੜੀ ਬਾਰ ਬਾਰ ਆਪਣੇ ਇਸ਼ਟ ਕਾਮਦੇਵ ਦਾ ਧਿਆਨ ਧਰਦੀ ਹੈ। ਜਿਸ ਦਾ ਰੰਗ ਕਮਲ ਵਾਂਗੂ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਨੂੰ ਗੁਰੂ ਦੇ ਉਪਦੇਸ਼ ਲਈ ਪ੍ਰਯੋਗ ਕੀਤਾ ਹੈ:

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗ॥
ਉਪਦੇਸ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

## ਰਾਗ ਰਾਮਕਲੀ

ਚਿੱਤਰਕਾਰਾਂ ਨੇ ਇਸ ਰਾਗਣੀ ਦਾ ਚਿੱਤਰ ਇਸ ਤਰ੍ਹਾਂ ਬਣਾਇਆ ਹੈ੍ ਕੇਸਰੀ ਪੁਸ਼ਾਕ ਧਾਰਨ ਕਰਕੇ ਇਹ ਨਾਇਕਾ  ਆਪਣੇ ਪ੍ਰੀਤਮ ਦੇ ਸਾਹਮਣੇ ਸੇਜ ਤੇ ਬੈਠੀ ਹੈ।[27]

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਬਾਰੇ ਉਚਾਰਿਆ ਹੈ:

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 150)

ਇਸ ਤਰ੍ਹਾਂ ਕਈ ਹੋਰ ਰਾਗਾਂ ਦੇ ਵਰਣਨ ਦਾ ਤੁਲਨਾਤਮਿਕ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਗੁਰੂ ਕਵੀਆਂ ਨੇ ਰਾਗਾਂ ਦਾ ਪ੍ਰਯੋਗ ਆਪਣੇ ਪ੍ਰਯੋਜਨ ਲਈ ਵਿਸ਼ੇਸ਼ ਢੰਗ ਨਾਲ ਕੀਤਾ ਹੈ।  ਉਨ੍ਹਾਂ ਸਭ ਰਾਗਾਂ ਬਾਰੇ ਦੱਸਿਆ ਹੈ:

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 423)

ਉਨ੍ਹਾਂ ਨੇ ਉਹ ਰਾਗ ਧੰਨ ਕਹੇ ਹਨ ਜਿਹੜੇ ਮਨੁੱਖ ਦੀਆਂ ਤ੍ਰਿਸ਼ਨਾਵਾਂ ਨੂੰ ਸ਼ਾਂਤ ਕਰਨ ਵਿਚ ਸਹਾਇਕ ਹਨ।

ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 958)

ਜਿਵੇਂ ਕਿ ਅਸੀਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦਾ ਮੰਤਵ ਆਮ ਸਰੋਤਿਆਂ ਤਕ ਆਪਣੇ ਵਿਚਾਰ ਪਹੁੰਚਾਉਣ ਦਾ ਸੀ ਨਾ ਕਿ ਉਸ ਵੇਲੇ ਦੀਆਂ ਸ਼ਾਹੀ ਮਹਿ।ਲਾਂ ਦੇ ਸੰਗੀਤਕਾਰਾਂ ਵਾਂਗ ਚਮਤਕਾਰ ਵਿਖਾ ਕੇ ਆਪਣੀ ਕਲਾ ਦਾ ਰੋਹਬ ਪਾਉਣ ਦਾ। ਇਸ ਲਈ ਉਨ੍ਹਾਂ ਨੇ ਆਪਣੀ ਬਾਣੀ ਨੂੰ ਬਿਖੜੇ ਤਾਲਾਂ ਦੀ ਥਾਂ ਤੇ ਸਧਾਰਨ ਧੁਨਾਂ ਤੇ ਗਾਉਣ ਲਈ ਨੀਯਤ ਕੀਤਾ। ਉਸ ਵੇਲੇ ਦੇ ਬਾਕੀ ਭਗਤ ਕਵੀ ਵੀ ਇਸੇ ਪੱਧਤੀ ਅਨੁਸਾਰ ਕਾਵਿ ਰਚਨਾ ਕਰ ਅਤੇ ਸੁਣਾ ਰਹੇ ਸਨ। ਅਚਾਰੀਆ ਬ੍ਰਹਸਪਤੀ28 ਨੇ ਠੀਕ ਹੀ ਲਿਖਿਆ ਹੈ, ਜਿਨ੍ਹਾਂ ਕਵੀਆਂ ਦਾ ਮੰਤਵ ਆਪਣੇ ਅਨੁਭਵ ਨੂੰ ਜਿਵੇਂ ਤਿਵੇਂ ਪ੍ਰਗਟ ਕਰਕੇ ਸੁਹਿਰਦਤਾ ਨੂੰ ਉਸ ਦਾ ਅਨੁਭਵ ਕਰਾ ਦੇਣਾ ਹੁੰਦਾ ਹੈ, ਉਨ੍ਹਾਂ ਵਿਚ ਬਾਲਮੀਕ, ਕਾਲੀਦਾਸ, ਤੁਲਸੀ ਅਤੇ ਸੂਰ ਦਾਸ ਆਉਂਦੇ ਹਨ; ਗਾਇਕ ਦਾ ਪ੍ਰਯੋਜਨ ਵੀ ਠੀਕ ਇਹੋ ਹੋਣਾ ਚਾਹੀਦਾ ਹੈ।

ਜਿਹੜੇ ਕਵੀ ਭਾਵ ਦੀ ਚਿੰਤਾ ਨਾ ਕਰਕੇ ਅਨੁਪ੍ਰਾਸ ਜਾਂ ਉਪਮਾ੍ਰੂਪਕ ਨੂੰ ਹੀ ਆਪਣਾ ਲਕਸ਼ ਮੰਨ ਬਹਿੰਦੇ ਹਨ ਉਨ੍ਹਾਂ ਦੀ ਗਿਣਤੀ ਮਹਾਂ ਕਵੀਆਂ ਵਿਚ ਕਦੀ ਨਹੀਂ ਹੁੰਦੀ, ਉਹ ਲੋਕ ਹਿਰਦੇ ਦੇ ਪ੍ਰਤੀਨਿਧ ਕਦੀ ਨਹੀਂ ਹੁੰਦੇ। ਇਸੇ ਤਰ੍ਹਾਂ ਜਿਹੜੇ ਗਾਇਕ ਤਾਨ੍ਹਾ ਪਲਟਿਆਂ, ਅਲੰਕਾਰ ਜਾ ਲੈਅਕਾਰੀ ਦੇ ਚੱਕਰ ਵਿਚ ਪਏ ਰਹਿੰਦੇ ਹਨ ਉਹ ਆਪਣੇ ਅਭਿਆਸ ਨਾਲ ਸਰੋਤਿਆਂ ਨੂੰ ਚੱਕਰ ਵਿਚ ਭਾਵੇਂ ਪਾ ਲੈਣ ਪਰ ਆਨੰਦਤ ਨਹੀਂ ਕਰ ਸਕਦੇ।

ਗੁਰੂ ਸਾਹਿਬ ਦਾ ਮੰਤਵ ਸਰੋਤਿਆਂ ਨੂੰ ਚੱਕਰ ਵਿਚ ਪਾਉਣਾ  ਨਹੀਂ ਸੀ ਅਤੇ ਨਾ ਹੀ ਉਹ ਆਪਣੀ ਬਾਣੀ ਦਾ ਇਸ ਲਈ ਪ੍ਰਯੋਗ ਕੀਤੇ ਜਾਣ ਦੇ ਹੱਕ ਵਿਚ ਸਨ। ਉਹ ਤਾਂ ਸਹਿਜ ਨਾਲ ਗੁਣ ਗਾਇਣ ਕਰਨ ਦੇ ਹਾਮੀ ਸਨ:

ਜਿਉ ਭਾਵੈ ਤਿਉ ਰਾਖੁ ਰਜਾਇ॥
ਨਾਨਕ ਸਹਜਿ ਭਾਇ ਗੁਣ ਗਾਇ॥
(ਗੁਰੂ ਗ੍ਰੰਥ ਸਾਹਿਬ, ਪੰਨਾ 686)

ਗੁਰੂ ਅਮਰ ਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸਹਿਜ ਨਾਲ ਗਾਇਣ ਕਰਨ ਵਾਲੀ ਭਾਵਨਾ ਨੂੰ ਆਪਣੀ ਬਾਣੀ ਇੰਜ ਵਿੱਚ ਪ੍ਰਗਟ ਕੀਤਾ ਹੈ:

ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦੁ॥
(ਗੁਰੂ ਗ੍ਰੰਥ ਸਾਹਿਬ, ਪੰਨਾ 68)

ਅੰਤਰੁ ਨਿਰਮਲੁ ਨਿਰਮਲੁ ਬਾਣੀ ਹਰਿ ਗੁਣ ਸਹਜੇ ਗਾਵਣਿਆ॥
(ਗੁਰੂ ਗ੍ਰੰਥ ਸਾਹਿਬ , ਪੰਨਾ 114)

ਮਨੁ ਸਦਾ ਹਰੀਆਵਲਾ ਸਹਜੇ ਹਰਿ ਗੁਣ ਗਾਇ॥
(ਗੁਰੂ ਗ੍ਰੰਥ ਸਾਹਿਬ, ਪੰਨਾ 428)

ਗੁਰੂ ਸਾਹਿਬ ਚਾਹੁੰਦੇ ਸਨ ਕਿ ਸ਼ਬਦ ਰਾਗ ਦੀ ਐਸੀ ਤਰਜ਼ ਵਿਚ ਗਾਂਵਿਆ ਜਾਵੇ ਕਿ ਜਿਸ ਤਰਜ਼ ਵਿਚ ਸੰਗੀਤਕ ਕਾਇਦਿਆਂ ਅਨੁਸਾਰ ਉਹ ਭਾਵ ਪੈਦਾ ਕਰ ਦੇਣ ਦੀ ਰਚਨਾ ਦੇ ਅਰਥ ਭਾਵ ਵਿਚ ਤਾਸੀਰ ਹੈ ਅਰਥਾਤ ਸ਼ਬਦਾਂ ਦਾ ਅਰਥ ਭਾਵ ਤੋਂ ਧਾਰਨਾ ਦਾ ਸੰਗੀਤਕ ਅਸਰ ਦਿਲ ਪਰ ਇੱਕੋ ਕਿਸਮ ਦਾ ਵਲਵਲਾ ਪੈਦਾ ਕਰਨ।[29]

## ਕੀਰਤਨਕਾਰ:

ਜਿੱਥੇ ਬਾਣੀ ਦੇ ਕੀਰਤਨ ਦੀ ਇਤਨੀ ਮਹੱਤਤਾ ਦਰਸਾਈ ਹੈ ਉੱਥੇ ਕੀਰਤਨ ਕਰਨ ਵਾਲੇ ਦੀ ਮਹਿਮਾ ਵੀ ਕੋਈ ਘੱਟ ਬਿਆਨ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਆਪਣੇ ਆਪ ਨੂੰ ਪਰਮੇਸਰ ਦਾ ਢਾਡੀ ਅਰਥਾਤ ਕੀਰਤਨ ਕਰਨ ਵਾਲਾ ਆਖਦੇ ਹਨ:

ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤਿ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ॥
(ਵਾਰ ਮਾਝ ਮਹਲਾ 1, ਪੰਨਾ 150)

ਗੁਰੂ ਨਾਨਕ ਦੇਵ ਜੀ ਢਾਡੀ ਦੀ ਹੋਰ ਵਿਸ਼ੇਸ਼ਤਾ ਨੂੰ ਦਰਸਾਉਂਦਿਆਂ ਬਿਆਨ ਕਰਦੇ ਹਨ:

ਸਚਾ ਸਤਿਗੁਰੁ ਸੇਵਨਿ ਸਚਾ ਮਾਰਗ ਦਸਿਆ॥
ਸਚਾ ਸਬਦੁ ਬੀਚਾਰਿ ਕਾਲ ਵਿਧਉਸਿਆ॥
ਢਾਢੀ ਕਥੇ ਅਕਥੁ ਸਬਦਿ ਸਵਾਰਿਆ॥
(ਵਾਰ ਮਾਝ ਮਹਲਾ ੦, ਪੰਨਾ 148)

ਖਾਲਕ ਕਉ ਆਦੇਸੁ ਢਾਢੀ ਗਾਵਣਾ॥
ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ॥
(ਵਾਰ ਮਾਝ ਮਹਲਾ ੦, ਪੰਨਾ 148)

ਢਾਢੀ ਕਥੇ ਅਕਥੁ ਸਬਦਿ ਸਵਾਰਿਆ॥
ਖਾਲਕ ਕਉ ਆਦੇਸੁ ਢਾਢੀ ਗਾਵਣਾ॥
ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ॥
(ਗੁਰੂ ਗ੍ਰੰਥ ਸਾਹਿਬ ਪੰਨਾ 148)

ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ॥
ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹੁ ਤਿਸੁ ਕਵਲਾ ਕੰਤਾ॥
(ਗੁਰੂ ਗ੍ਰੰਥ ਸਾਹਿਬ ਪੰਨਾ 650)

ਕੀਰਤਨ ਕਾਰ ਦੀ ਮਹਿਮਾ ਦਾ ਗਾਇਣ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਥਾਵਾਂ ਤੇ ਹੋਇਆ ਹੈ:

ਜੋ ਜਨੁ ਕੀਰਤਨੁ ਕਰੈ ਗੋਪਾਲ॥
ਤਿਸ ਕਉ ਪੋਹਿ ਨ ਸਕੈ ਜਮ ਕਾਲੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 867)

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾਕੀ ਦੁਰਮਤਿ ਨਾਸ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1300)

ਮਾਈ ਜੋ ਪ੍ਰਭ ਕੇ ਗੁਨ ਗਾਵੈ॥
ਸਫਲ ਆਇਆ ਜੀਵਨ ਫਲੁ ਤਾ ਕੋ ਪਾਰਬ੍ਰਹਮ ਲਿਵ ਲਾਵੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 531)

ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600)

ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 716)

ਕਹੁ ਨਾਨਕ ਸੋਈ ਨਰ ਸੁਖੀਆ ਰਾਮ ਨਾਮ ਗੁਨ ਗਾਵੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 831)

ਸਾ ਰਸਨਾ ਧੰਨ ਧੰਨ ਹੈ ਮੇਰੀ ਜਿੰਦੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 540)

ਹਰਿ ਜਨ ਰਾਮ ਨਾਮ ਗੁਨ ਗਾਵੈ॥
ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 719੍720)

ਪਰ ਕੀਰਤਨ ਕਰਨ ਲਈ ਕੁਝ ਮਾਪਦੰਡ ਵੀ ਨਿਸ਼ਚਿਤ ਕੀਤੇ ਗਏ ਹਨ੍

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ॥
(ਬਿਲਾਵਲ ਮਹਲਾ 4)

ਜਿਹੜੇ ਕੇਵਲ ਵਿਖਾਵੇ ਲਈ ਗਾਇਣ ਕਰਦੇ ਹਨ ਉਹ ਬਿਨਾਂ ਨਾਮ ਤੋਂ ਝੂਠੇ ਹਨ। ਅਸਲ ਵਿੱਚ ਤਾਂ ਗੁਰੂ ਦੀ ਕਿਰਪਾ ਦੁਆਰਾ ਨਾਮ ਨਾਲ ਜੁੜ ਕੇ ਹੀ ਹਰੀ ਦੇ ਗੁਣ ਗਾਇਣ ਕਰਨੇ ਚਾਹੀਦੇ ਹਨ:

ਗਾਵਹਿ ਗੀਤੇ ਚੀਤਿ ਅਨੀਤੇ॥
ਰਾਗ ਸੁਣਾਇ ਕਹਾਵਹਿ ਬੀਤੇ॥
ਬਿਨ ਨਾਵੈ ਮਨਿ ਝੂਠੁ ਅਨੀਤੇ॥
ਕਹਾ ਚਲਹੁ ਮਨ ਰਹਹੁ ਘਰੇ॥

ਗੁਰਮੁਖ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ।।

ਗੁਰ ਪਰਸਾਦੀ ਕਰਮ ਕਮਾਉ॥
ਨਾਮੇ ਰਾਤਾ ਹਰਿ ਗੁਣ ਗਾਉ॥
(ਆਸਾ ਮਹਲਾ 1, ਪੰਨਾ 414੍15)

ਗੁਰੂ ਰਾਮ ਦਾਸ ਜੀ ਵੀ ਫੁਰਮਾਉਂਦੇ ਹਨ:

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥
(ਗੁਰੂ ਗ੍ਰੰਥ ਸਾਹਿਬ, ਪੰਨਾ 450)

ਕੀਰਤਨ ਕਰਨ ਕੀਰਤਨ ਕਾਰ ਨੇ ਆਪਣੀ ਕਲਾ ਜਾਂ ਵਿਦਵਤਾ ਵਿਖਾਵਾ ਨਹੀਂ ਕਰਨਾ ਸਗੋਂ ਸਹਿਜ ਵਿੱਚ ਅਤੇ ਨਿਮਰਤਾ ਨਾਲ ਕੀਰਤਨ ਕਰਨਾ ਹੈ:

ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 634)

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥ਫ਼
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਉਹ ਕੀਰਤਨੀਆਂ ਭਲਾ ਹੈ ਜਿਹੜਾ ਲਾਲਚ ਛੱਡ ਕੇ ਗੁਰਬਾਣੀ ਦਾ ਗਾਇਣ ਕਰਦਾ ਹੈ:
ਭਲੋ ਭਲੋ ਰੇ ਕੀਰਤਨੀਆਂ ਰਾਮ ਰਮਾ ਰਾਮਾ ਗੁਨ ਗਾਓ॥
ਛੋਡਿ ਮਾਇਆ ਕੇ ਧੰਧ ਸੁਆਉ॥
(ਗੁਰੂ ਗ੍ਰੰਥ ਸਾਹਿਬ , ਪੰਨਾ 885)

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨੁ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਗੁਰੂ ਗ੍ਰੰਥ ਸਾਹਿਬ ਵਿੱਚ ਜਿਤਨੇ ਰਾਗਾਂ ਦਾ ਪ੍ਰਯੋਗ ਹੋਇਆ ਹੈ ਉਨ੍ਹਾਂ ਦੀ ਜਾਣਕਾਰੀ ਕੀਰਤਨੀਏ ਨੂੰ ਹੋਣੀ ਚਾਹੀਦੀ ਹੈ। ਜਿਹੜੀਆਂ ਗਾਇਣ ਸ਼ੈਲੀਆਂ ਕੀਰਤਨ ਕਰਨ ਲਈ ਨਿਸ਼ਚਿਤ ਕੀਤੀਆਂ ਗਈਆਂ ਹਨ ਉਨ੍ਹਾਂ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ।

ਇਸ ਤਰ੍ਹਾਂ ਗੁਰਬਾਣੀ ਵਿੱਚ ਕੀਰਤਨ ਅਤੇ ਕੀਰਤਨੀਏ ਬਾਰੇ ਇੱਕ ਵਿਸ਼ੇਸ਼ ਪ੍ਰਕਾਰ ਦਾ ਸੰਕਲਪ ਬਿਆਨ ਕੀਤਾ ਗਿਆ ਹੈ। ਲੋੜ ਹੈ ਇਸ ਸੰਕਲਪ ਦੀ ਲੋਅ ਵਿੱਚ ਕੀਰਤਨ ਅਤੇ ਕੀਰਤਨੀਏ ਦੀ ਸੰਭਾਲ ਕੀਤੀ ਜਾਵੇ।

1. ਸਾਰੰਗ ਦੇਵ, ਸੰਗੀਤ ਰਤਨਾਕਰ (ਭਾਗ 1) ਪੰਨਾ 7

2. Music is everywhere. No one c.n do without it. Ancient religious believes maintained that music was not only a pleasure but a cause of many events. It could bring down droughts to harm the crops and rains to give them life. Music comes from the gods, they said.

Gleb Anfilov, Qhysics .nd Music, Q.ge 8-9

3. Humayun Kabir, The Indian Heritage, Qage 126

4. ਹਰਦੁਆਰੀ ਲਾਲ ਸ਼ਰਮਾ, ਸੌਂਦਰਯ ਸ਼ਾਸਤਰ, ਪੰਨਾ 183

5. ਓਮਾ ਮਿਸ਼ਰ, ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰਨਾ 31

6. The Man that has no music in himself, Nor is not moved with concord of Sweet sounds, is it for tresons, and spoils; The Motions of his spirit are dull as night; And his feections dark as Erebus. Let no such man be trusted, Mark the Music

Shakespere, The Merchant of Venice, Qage 79-80

7. ਹਵਾਲਾ, ਪੰਡਤ ਓਅੰਕਾਰ ਨਾਥ ਠਾਕੁਰ, ਪ੍ਰਣਵ ਭਾਰਤੀ, ਪੰਨਾ 14

8. ਪੰਡਤ ਓਅੰਕਾਰ ਨਾਥ ਠਾਕੁਰ, ਪ੍ਰਣਵ ਭਾਰਤੀ (ਪ੍ਰਥਮ ਵੀਣਾ), ਪੰਨਾ 6

9. ún .ny out-of the way place man has always sung, played or made thing that whistle, hum or rattle. This has always been vital to him as .ir; music helped him to work, has added to his joy, and taken the edge of his sorrow, Music has drawn people together, and made them feel and act as one.

Gleb Anfilov, Physics and Music, Qage 7

10. ਪ੍ਰਣਵ ਭਾਰਤੀ, ਪੰਨਾ 19

11. ਸਾਹਿਤ ਤੇ ਸਿਧਾਂਤ, ਪੰਨਾ 56

12. ਮਨਮੋਹਨ ਸਹਗਲ, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਕਸ਼ਣ, ਪੰਨਾ 220

13. ਧਵਨਿ ਔਰ ਸੰਗੀਤ, ਪੰਨਾ 143

14. ਭਾਰਤੀਯ ਕਲਾ ਔਰ ਸੰਸਕ੍ਰਿਤੀ, ਪੰਨਾ 152

15. ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰਨਾ 40

16. ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ, ਭਾਗ 1, (ਪੰਨਾ ਅ, ੲ,)੍ਹ । 15

17. +.C. Gangoli, Ragas. and Raginis, Qage, indtroduction

18. ਊਸ਼ਾ ਗੁਪਤ, ਹਿੰਦੀ ਕੇ ਕ੍ਰਿਸ਼ਨ ਕਾਲੀਨ ਭਗਤੀ ਕਾਵਿਯ ਮੇਂ ਸੰਗੀਤ ਤਤਵ, ਪੰਨਾ 217

19. ਮਹੇਸ਼ ਨਰਾਇਣ ਸਕਸੈਨਾ, ਸੰਗੀਤ ਸ਼ਾਸਤਰ, (ਭਾਗ ਪਹਿਲਾ) ਪੰਨਾ 20

20. ਬ੍ਰਿਹਿਸਪਤੀ, ਸੰਗੀਤ ਚਿੰਤਾਮਣੀ, ਪੰਨਾ 400

21. ਦਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 104

22. ਹਵਾਲਾ, ਸੰਗੀਤ ਪਾਰਿਜਾਤਿ, ਪੰਨਾ 118

23. ਸਗਤ ਸਿੰਘ, ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪੋ ਨਿਬੰਧ ਸੰਗੀਤ, ਪੰਨਾ 446

24. ਦਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 117

25. ਹਵਾਲਾ, ਸੰਗੀਤ ਪਾਰਿਜਾਤ, ਪੰਨਾ 101

26. ਦਮੋਦਰ ਪੰਡਤ, ਸੰਗੀਤ ਦਰਪਣ, ਪਨਾ 95

27. ਸਗਤ ਸਿੰਘ, ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪੋ ਨਿਬੰਧ ਸੰਗੀਤ, ਪੰਨਾ 437

28. ਸੰਗੀਤ ਚਿੰਤਾਮਣੀ, ਪੰਨਾ 399

29. ਭਾਈ ਵੀਰ ਸਿੰਘ, ƒਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰੋਂ, ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ, (ਭਾਗ ਪਹਿਲਾ) ਪੰਨਾ 1

# Prof. Milap Singh

Dr. Amardev Singh

Prof. Milap Singh Ji was a well-known and respected classical artist who learned music under the guidance of twelve 'Ustads'. He was born in the town of Tando Jam in Hyderabad district in the Sindh province of modern-day



Pakistan. He was born to Mata Gian Kaur Ji and his father, Sardar Ranjha Singh was a singer. As a young boy, Milap Singh had developed an interest in music. His singing caught the attention of Sant Gurmukh Singh Ji of Sindh. Sant Ji was very impressed with his voice and

said that he will become a very famous artist. Sant Ji offered to teach him Kirtan and

requested Sardar Ranjha Singh to leave Milap Singh with him. He spent many years under the guidance of Sant Gurmukh Singh Ji and at the same time he was sent to various 'Ustads' to learn the intricacies of classical music. Among his twelve teachers was the renowned Ustad Ashiq Ali Khan of Patiala Gharana.

Before the division of Punjab, he took part in many informal challenges against other artists through which he won horses, camels and other assets belonging to those artists who lost to him. He also had numerous awards and gold medals to his name.

Prof. Milap Singh was adept in many forms of music including Khayal, Thumri, Kirtan, Qawali and Ghazals. He was very popular at that time and several of his Qawali and Ghazal records were released. Unfortunately, the records were left behind in Pakistan during the partition.

Following the partition, Prof Milap Singh Ji lived in Hastinapur, Uttar Pradesh with his family. Once settled there, he began to perform Kirtan and also took part in various classical competitions. In 1962, he received a gold medal

from the former Prime Minister of India, Jawaharlal Nehru for his performance of Sri Raag in a competition held in Amritsar. Soon after that, he also came in first place after performing Raag Basant during a competition held in New Delhi. He was known to perform a special type of 'taan' known as 'Jabre Ki Taan'. In 1970, he moved from Hastinapur to New Delhi with his family. He formed a 'jatha' with his sons and beganto serve as a Hazoori Raagi in Gurdwara Sees Ganj Sahib and Gurdwara BanglaSahib, where he remained in service until 1980. After his retirement from the Delhi Sikh Gurdwara Management Committee, he went to the 'dera' of Sant Baba Attar Singh Ji 'Mastuana Wale' and spent almost a decade teaching Kirtan to children in the 'dera'.

Subsequently, he travelled abroad to Cebu City in the Philippines and remained there for a few years. He performed Kirtan and taught music to children in the local Gurdwara of Cebu City. He also travelled to Malaysia, Singapore and the United States of America. Prof. Milap Singh Ji lived till the ripe age of 105 and continued to perform Kirtan until the very end. He took his

last breath and passed away peacefully on 28th May 2008. The information above was obtained from his son, Bhai Nanak Singh Preet. His other sons include Bhai Hartirath Singh Sodhi and the late Bhai Gurcharan Singh Rasila. Currently, his grandson, Bhai Surjit Singh Rasila is following in his footsteps by serving as Hazoori Raagi in Gurdwara Sees Ganj Sahib and Gurdwara Bangla Sahib.

During his visit to Malaysia, Bhai Hartirath Singh Sodhi narrated an interesting story about Prof. Milap Singh Ji's stay in the Philippines. While he was there, someone had arranged an interview with him. During this interview, he was asked why he chose to sing classical music. He replied, "Whenever I sing a particular Raag, I get whatever I want". As a demonstration, he sang in Raag Malhar. It was a sunny day and within minutes of him singing Raag Malhar, clouds began to form and it started to pour heavily.

**e-mail: kirtansewamalaysia@gmail.com**

# संगीत और गणित

डॉ. सरबजीत सिंह

यह विचार कि संगीत सिखाना गणित कि क्षमता को बढावा देता है। अपने आप में बहुत ही नवीन और रोमांचक विचार है। संगीत से अनभिज्ञ व्यक्ति के लिए संगीत और गणित में भले ही कोई समानताएं नजर न आती हों , परन्तु शास्त्रीय संगीत गणित के कौशल को समान्य से सर्वोत्तम बनाने में एक महत्त्वपूर्ण भूमिका अदा की है।

संगीत और गणित में सम्बन्ध ग्रीक दार्शनिक द्वारा बनाया गया था। पेथागोरस के अनुसार संगीत और गणित एक ही सिक्के के पहलु हैं। शोध के अनुसार इसी विषय में न्युरोसाइंस से हमें यह ज्ञात होता है, कि गणित और संगीत के सम्बन्ध के अतिरिक्त संगीत हमारी अधिगम विकास में भी बहुत महत्वपूर्ण भूमिका निभाता है। संगीत और गणित के तथ्यों में अंतर्संबंध दिखायी पडता है। जैसे अर्थिमेटिक पेट्रन, फार्मूला आदि। संगीत के सिद्धान्तों को समझाने के लिए, प्राचीन समय से ही हमारे आचार्य व पण्डित, गणित का ही सहारा लेते आ रहे हैं। आधुनिक विज्ञान भी पूर्ण रूप से गणित आधारित है। समय के साथ साथ विज्ञान का विकास हुआ है और विज्ञान के साथ गणित का भी उतना ही विकास हुआ है। व्यवहारिक रूप से सप्तक के 7 स्वर, श्रुति शृंखला की 22 श्रुतियां, संवादी स्वर का 13 व 9 श्रुतियां, आवृति व तार की लम्बाई, ताल व ठेके की मात्राओं के हिसाब आदि के आंकड़े – ये सभी प्रसंग संगीत का गणित ही तो हैं। संगीत की आत्मा मूल रूप से ध्वनि है, जो भौतिकविज्ञान का एक अंग है। संगीत के चिंतन में विज्ञान स्वतः आ जाता है। भौतिक विज्ञान पूर्णरूप से गणित आधारित है। इसलिए संगीत का विषय, गणित से अछूता नहीं रह सकता है। इसी तरह संगीत में गायन वादन में व्यवहार कि सुविधा और रंजकता को ध्यान में रखते हुए शास्त्रकारों ने 22 श्रुतियों में से निश्चित अंतर पर सात श्रुतियों को चुना और उन्हें स्वर कि संज्ञा दी गयी, जो 22 श्रुतियों का स्वर विभाजन कहलाता है, लय के प्रकार, विभिन्न मात्राओं कि विभिन्न तालें, रागों का वर्गीकरण , थाटों कि

रचना विज्ञानिक और गणित के आधार पर ही है। दक्षिण संगीत पद्दति के विद्वान लेखक पंडित व्यंकटमखी जी ने थाटों कि संख्या निर्धारित करने के लिए गणित का सहारा लिया और पूर्ण रूप से हिसाब लगाकर थाटों कि कुल संख्या 72 बताई। भरत मुनि कि सारणा चतुष्टय जैसी विधि कि ओट में गणित भरा पडा है। मध्यकाल में कुछ लेखकों ने वीणा कि तार की लम्बाई द्वारा स्वरों को स्थापित करने का प्रयास किया था। इनमें से पंडित अहोबल, पंडित हृदय नारायण देव का हृदय प्रकाश, पंडित श्री निवास का राग तत्त्व विबोध उल्लेखनीय है।

तानपुरे के सहायक नाद मूल नाद से दुगने, तिगुने, चौगुन आदि क्रम से उत्पन्न होतें हैं और मूल नाद कि आंदोलन संख्या को 2,3,4,5 आदि से गुना करने पर ही उनकी आंदोलन संख्या का पता चलता है। वीणा के तार पर श्री निवास जी का प्रयोग गणित और संगीत का सम्बन्ध स्थापित करता है। भारतीय शास्त्रीय संगीत मस्तिष्क को बहुत सारी गणित सम्बन्धी क्रियाओं से रुबुरु कराता है। जिस से हमारा मस्तिष्क अपने आप ही गणित का सहारा लेते हुए संगीत रचनाएँ करने लगता है जैसे गायन, वादन करने पर विभिन्न लयों का प्रयोग करना, तानों का प्रयोग, ताल को ध्यान रखते हुए तिहाइयों के सुन्दर प्रयोग से गायन और वादन को सजाना गणित कि सहायता से ही होता है। संगीत के प्रत्येक कलाकार की प्रस्तुति से पहले, तानपुरा पर अपना आधार स्वर स्थापित करना होता है। इसी आधार पर स्वर को षडज/स या मूल स्वर मानकर, गले द्वारा अन्य स्वरों का सही उच्चारण किया जाता है। इसी मूल स्वर को आधार मानते हुए अन्य सह कलाकार कार्यक्रम के लिए तैयार तथा एक सूत्र में बंध जाते हैं। इस अवधि के अंतर्गत तानपुरे का स्वर यदि उतर जाये या विचलित पाया जाता है तो उसे दुबारा ठीक किया जाता है। इस समय गायक और वादक इस बात से अनजान होता है कि वह गणित का सहारा ले रहा है। इन्ही तथ्यों को बढावा देने के लिए संगीत शिक्षा प्रतिभाशाली बच्चों व सबके लिए होनी चाहिए। बच्चों में बचपन से ही संगीत शिक्षा एक सफल शिक्षा है जिसे बच्चे आसानी से ग्रहण कर लेते हैं तथा यह बच्चों कि क्षमता को विकसित करता है। आज संगीत ने बहुत से

शिष्यों को गणित कौशल को सुधारने की उम्मीद जगाई है, क्योंकि इसका प्रभाव ही मस्तिष्क में गणित कौशल को तेजी से ग्रहण करने कि शक्ति को प्रभावित करता है। बचपन में विधार्थियों को गणित के टेबल याद करने में बहुत ही मुश्किल आती हैं जिसके कारण उसकी याद करने की क्षमता का पूरा विकास नही हो पाता और दिमाग का वह भाग जो मेमोरी को अपने पास इकट्ठा करता है सक्रिय नहीं हो पाता। संगीत के सहारे से इस समस्या को बहुत ही आसानी से सुलझाया जा सका है। अगर वही टेबल गाकर याद कराए जाएँ तो विधार्थी का दिमाग उसे जल्दी ही याद करने के लिए समर्थ हो जाता है। यह भी एक पेटर्न की भांति बन जाता है जैसे कि गणित के फोर्मुला, पेटर्न आदि होतें हैं। इस विधि से दिमाग सुचना को जल्दी ही एकत्रित कर पाने में सक्षम हो जाता है। धीरे–धीरे विधार्थी इस विधि के अभ्यास से परिचित हो जाता है और सक्रिय अवस्था में चला जाता है। इतना ही नहीं गाने से बच्चों में एकरूपता कि भावना का संचार होता है जिससे वह अन्य लोगों से तालमेल बना लेता है। आगे चल कर संगीत कला के द्वारा सीखा गया तालमेल जीवन के हर क्षेत्र में काम आता है जिससे विधार्थी हर परिस्तिथियों से आसानी से निपट सकता है। संगीत कला के प्रभाव से गणित के कौशल में भी सक्रिय हो जाता है। अतः संगीत एक सकारात्मक शक्ति तथा उम्मीद की किरण है, जिसमें गणित के साथ अनूठा सम्बन्ध स्थापित किया है ।

**Lecturer – Music,**
**Education Department, Haryana**

# ਰਾਗੁ ਗਉੜੀ

ਪ੍ਰੋ. ਹਰਭਜਨ ਸਿੰਘ ਧਾਰੀਵਾਲ
(ਸੀਨੀਅਰ ਰਿਸਰਚ ਫੈਲੋ, ਨਾਦ ਮਿਊਜਿਕ ਇੰਸਟਿਟਿਊਟ, ਅਮਰੀਕਾ)

ਗਾਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥
ਭਾਣੈ ਚਲੈ ਸਤਿਗੁਰੂ ਕੈ ਐਸੇ ਸਿਗਾਰ ਕਰੇ ॥

ਰਾਗੁ ਗਾਉੜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਮੁੱਖ ੩੧ ਰਾਗਾ ਵਿੱਚ ਤੀਸਰਾ ਸਥਾਨ ਪ੍ਰਾਪਤ ਹੋਇਆ ਹੈ। ਪਾਵਨ ਅੰਗ ñõñ ਤੋਂ ੩੪੬ ਤਕ ਇਸ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦੇ ੪੦ ਸਬਦ, ਗੁਰੂ ਅਮਰਦਾਸ ਜੀ ਦੇ ੩੨ ਸਬਦ, ਗੁਰੂ ਰਾਮਦਾਸ ਜੀ ਦੇ ੩੫ ਸਬਦ ਅਤੇ ਇੱਕ ਵਾਰ, ਗੁਰੂ ਅਰਜਨ ਦੇਵ ਜੀ ਦੇ ੧੯੫ ਸਬਦ ਅਤੇ ਇੱਕ ਵਾਰ ਤੋਂ ਇਲਾਵਾ ਸ੍ਰੋਮਣੀ ਭਗਤ ਕਬੀਰ ਜੀ ਦੇ ੭੭ ਸਬਦ, ਬਾਬਾ ਨਾਮਦੇਵ ਜੀ ਦਾ ਇੱਕ ਸਬਦ ਅਤੇ ਭਗਤ ਰਵਿਦਾਸ ਜੀ ਦੇ ੫ ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ।

ਭਾਰਤੀ ਸੰਗੀਤ ਦੇ ਲਗਭਗ ਸਾਰੇ ਗ੍ਰੰਥਾਂ ਵਿੱਚ ਰਾਗ ਗਾਉੜੀ ਦਾ ਜ਼ਿਕਰ ਮਿਲਦਾ ਹੈ। ਰਾਗ ਗਉੜੀ ਪ੍ਰਾਚੀਨ, ਪ੍ਰਸਿੱਧ ਅਤੇ ਭਗਤੀ ਰਸ ਦਾ ਰਾਗ ਹੈ। ਸਮੇਂ ਦੀ ਤਬਦੀਲੀ ਅਨੁਸਾਰ ਇਸ ਰਾਗ ਦੇ ਨਾਮ ਵੀ ਬਦਲਦੇ ਰਹੇ ਹਨ। ਪ੍ਰਚੀਨ ਗ੍ਰੰਥਾਂ ਵਿੱਚ ਰਾਗ ਗਾਉੜੀ ਦੇ ਅਨੇਕਾਂ ਹੋਰ ਵੀ ਨਾਮ ਮਿਲਦੇ ਹਨ ਜਿਵੇਂ – ਗੋਰੀ, ਗੌਰੀ, ਗਉੜੀ, ਗਵਰੀ, ਗਵਰੀ ਅਤੇ ਗੋਲਾਰਥ ਆਦਿ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਮਾਲਾ ਵਿੱਚ ਵੀ ਰਾਗ 'ਗਵਰੀ' ਦਾ ਜ਼ਿਕਰ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਗਾਉੜੀ ਦੇ ਅਨੇਕਾਂ ਪ੍ਰਕਾਰ ਦਰਜ ਹਨ ਜਿਵੇਂ – ਗਉੜੀ ਸੁਖਮਨੀ, ਗਉੜੀ ਗੁਆਰੇਰੀ, ਗਾਉੜੀ ਦੱਖਣੀ, ਗਾਉੜੀ ਬੈਰਾਗਣਿ, ਗਉੜੀ ਚੇਤੀ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ,

ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ ਅਤੇ ਗਉੜੀ ਸੋਰਠਿ।

'ਗੁਰਬਾਣੀ ਦੇ ਰਾਗ' ਵਿੱਚ ਰਾਗ ਗਾਉੜੀ ਬਾਰੇ ਡਾ ਦਵਿੰਦਰ ਸਿੰਘ ਵਿਦਿਆਰਥੀ ਲਿਖਦੇ ਹਨ ਕਿ- ਨਿਖਾਦ ਦੀ ਮੂਰਛਨਾ ਯੁਕਤ ਗੌਰੀ ਵਿੱਚ 'ਰੇ ਨੀ ਧ' ਕੋਮਲ ਹਨ ਅਤੇ ਗ ਤੀਵਰ ਹੈ। 'ਨੀ' ਅੰਸ਼ ਸੁਰ ਹੈ। ਆਰੋਹ ਵਿੱਚ ਗ ਅਤੇ ਧ ਵਰਜਿਤ ਹੈ। ਨਿਖਾਦ ਦਾ ਕੰਪਨ ਮਨ ਨੂੰ ਮੋਹਦਾ ਹੈ। ਜੇ ਕਿਧਰੇ ਅਰੋਹਣ ਵਿੱਚ 'ਗ' ਸੁਰ ਲਾਇਆ ਵੀ ਜਾਵੇ ਤਾਂ 'ਮ' ਤਕ ਦੀ ਮੂਰਛਨਾਂ ਹੋਵੇਗੀ। ਸੁਰ ਵਿਸਤਾਰ ਇੰਝ ਹੈ:

ਉਦਗ੍ਰਹਿ - ਰੇ ਰੇ ਮ ਪ ਨੀ ਸਂ ਧ ਪ ਮ ਗਾ ਰੇ ਗਾ ਰੇ ਸ

ਸਥਾਈ - ਨ੍ਹਿ ਸ ਰੇ ਮ ਗ ਰੇ ਮ ਰੇ ਨ੍ਹਿ ਸ । ਰੇ ਮ ਪ ਮ ਗ ਰੇ ਰੇ ਨ੍ਹਿ ਸ । ਨ੍ਹਿ ਸ ਰੇ ਮ ਗ ਰੇ ਮ ਰੇ ਨ੍ਹਿ ਸ ਸ ।

ਮਹਾਨ ਕੋਸ਼ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਰਾਗ ਗਉੜੀ ਬਾਰੇ ਲਿਖਦੇ ਹਨ ਕਿ- " ਇੱਕ ਰਾਗਨੀ ਜੋ ਪੂਰਵੀ ਥਾਟ ਦੀ ਔਡਵ ਸ਼ਾਡਵ ਹੈ, ਇੱਸ ਵਿੱਚ ਸ੍ਰੀ ਰਾਗ ਦਾ ਅੰਗ ਹੈ। ਇਸ ਦੀ ਆਰੋਹੀ ਗੰਧਾਰ ਅਤੇ ਧੈਵਤ ਵਰਜਿਤ ਹੈ। ਅਵਰੋਹੀ ਵਿੱਚ ਗੰਧਾਰ ਵਰਜਿਤ ਹੈ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ, ਰਿਸ਼ਭ ਧੈਵਤ ਕੋਮਲ, ਮੱਧਮ ਤੀਵਰ ਬਾਕੀ ਸੁਰ ਸ਼ੁਧ ਹਨ, ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।

ਆਰੋਹੀ: ਸ ਰੇ ਮੇ ਪ ਨੀ ਸਂ
ਅਵਰੋਹੀ: ਸਂ ਨੀ ਧੁ ਪ ਪ ਮੇ ਰੇ ਸ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ ਦਾ ਨੰਬਰ ਤੀਜਾ ਹੈ, ਅਤੇ ਇਸ ਰਾਗ ਦੇ ਅਨੇਕਾਂ ਭੇਦ ਲਿਖੇ ਹਨ, ਯਥਾ- ਗੁਆਰੇਰੀ, ਚੇਤੀ, ਦੱਖਣੀ, ਦੀਪਕੀ, ਪੂਰਬੀ, ਬੈਰਾਗਣ, ਮਾਝ, ਮਾਲਵਾ ਅਤੇ ਮਾਲਾ, ਦੂਜੇ ਰਾਗਾਂ

ਨਾਲ ਸੰਕੀਰਣ ਹੋਣ ਤੋਂ ਇਹ ਭੇਦ ਬਣ ਗਏ ਹਨ, ਸ਼ੋਕ ਹੈ ਇਸ ਵੇਲੇ ਰਾਗੀ ਇਹ ਸਾਰੇ ਭੇਦ ਸਪਸ਼ਟ ਕਰਕੇ ਗਾਉਂਦੇ ਨਹੀਂ ਸੁਣੀਦੇ।"

ਮੱਧ ਕਲੀਨ ਗ੍ਰੰਥਾਂ ਨੇ ਇਸ ਰਾਗ ਦੇ ਮਹੱਤਵ ਨੂੰ ਸਵੀਕਾਰਦਿਆਂ ਇਸ ਨੂੰ ਰਾਗਾਂਗ ਮੰਨਿਆਂ ਹੈ। ਕਵਿ ਲੋਚਨ ਨੇ ਆਪਣੇ ਗ੍ਰੰਥ 'ਰਾਗ ਤਰੰਗਣੀ' ਹਿਰਦੇ ਨਰਾਇਣ ਦੇਵਕਰ ਨੇ ਆਪਣੇ ਗ੍ਰੰਥ "ਹਿਰਦੈ ਕੋਤਕ ਅਤੇ ਪੁੰਡਰੀਕ  ਵਿੱਚ ਵਿਠਲ ਨੇ ਆਪਣੇ ਗ੍ਰੰਥ 'ਰਾਗ  ਮੰਜਰੀ' ਵਿੱਚ ਵਰਣਿਤਬਾਰਾਂ (੧੨) ਥਾਟਾਂ ਵਿੱਚੋਂ ਗਾਉੜੀ ਨੂੰ ਇੱਕ ਥਾਟ ਮੰਨਿਆ ਹੈ, ਜਿਸ ਦਾ ਸਰੂਪ ਅਧੁਨਿਕ ਭੈਰਵ ਥਾਟ ਨਾਲ ਮਿਲਦਾ ਹੈ। ਭਾਰਤੀ ਸੰਗੀਤ ਵਿੱਚ ਪ੍ਰਚਲਿਤ ਰਾਗ ਰਾਗਣੀ ਨਾਲ ਸੰਬਧਿਤ ਪ੍ਰਚਲਿਤ ਵਿਭਿੰਨ ਮਤਾਂ ਵਿੱਚੋਂ ਸ਼ਿਵ ਮਤ ਅਤੇ ਕ੍ਰਿਸ਼ਨ ਮਤ ਵਿੱਚ ਇਸ ਰਾਗ ਨੂੰ  ਸ਼੍ਰੀ ਰਾਗ ਦੀ ਰਾਗਨੀ, ਹਨੁਮਾਨ ਮਤ ਵਿੱਚ ਇਸ ਰਾਗ ਨੂੰ ਕੋਸ਼ਿਕ ਰਾਗ ਦੀ ਰਾਗਣੀ, ਰਾਗ ਰਾਵਣ ਮਤ ਵਿੱਚ ਮਾਲਵ ਗੌੜ ਰਾਗ ਦੀ ਰਾਗਣੀ ਅਤੇ ਭਰਤ ਮਤ ਵਿੱਚ ਇਸ ਨੂੰ ਮਾਕੌਸ ਰਾਗ ਦੀ ਰਾਗਣੀ ਸਵੀਕਾਰਿਆ ਗਿਆ ਹੈ। ਇਸ ਤੋਂ ਇਲਾਵਾ 'ਸਰਰਾਗ ਚੰਦ੍ਰੋਦਯ' ਅਤੇ ਰਾਗ ਕੌਮਦੀ ਓਆਦਿ ਗ੍ਰੰਥ ਵਿੱਚ ਇਸ ਰਾਗ ਨੂੰ ਗਾਉੜੀ ਦੀ ਸੰਗਿਆ ਨਾਲ ਸੰਬੋਧਿਤ ਕਰਦਿਆਂ "ਮਾਇਆ ਮਾਲਵ ਗੌੜ" ਥਾਟ ਤੋਂ ਉਤਪੰਨ ਰਾਗ ਮੰਨਿਆ ਹੈ।

ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਰਾਗ ਗਾਉੜੀ ਨੂੰ ਭੈਰਵ ਅਤੇ ਪੂਰਬੀ ਅੰਗ ਨਾਲ ਗਾਉਂਦੇ ਰਹੇ ਹਨ। ਕੁਝ ਸੰਗੀਤ ਵਿਦਵਾਨ ਇਸ ਰਾਗ ਨੂੰ ਪੂਰਵੀ ਥਾਟ ਤੋਂ, ਕੁੱਝ ਭੈਰਵ ਥਾਟ ਤੋਂ ਅਤੇ ਕੁਝ ਬਿਲਾਵਲ ਥਾਟ ਤੋਂ ਉਤਪੰਨ ਮੰਨਦੇ ਹਨ। ਕੁੱਝ ਗਾਊੜੀ ਰਾਗ ਨੂੰ ਸ਼੍ਰੀ ਰਾਗ ਸੀ ਰਾਗਣੀ ਮੰਨਦੇ ਹਨ ਕਿਉਂ ਕਿ ਸ਼੍ਰੀ ਰਾਗ ਦਾ ਮੁਖ ਅੰਗ ਜ਼ਿਆਦਾਤਰ

"ਸ ਰੇ ਰੇ ਸ" ਵਿੱਚ ਹੀ ਪ੍ਰਚਲਤ ਹੈ। ਪੰ. ਸੋਮਨਾਥ ਆਪਣੇ ਗ੍ਰੰਥ ਵਿੱਚ ਇਸ ਰਾਗ ਬਾਰੇ ਚਰਚਾ ਕਰਦੇ ਹੋਏ ਲਿਖਦੇ ਹਨ ਕਿ ਇਸ ਰਾਗ ਦੇ ਆਰੋਹ ਵਿੱਚ ਗੰਧਾਰ ਅਤੇ ਧੈਵਤ ਵਰਜਿਤ ਕਰਨਾ ਚਾਹੀਦਾ ਹੈ। ਪੰ: ਭਾਵਭੱਟ ਨੇ ਆਪਣੇ ਗ੍ਰੰਥ "ਅਨੂਪ -ਰਤਨਾਕਰ" ਵਿੱਚ ਗਾਉੜੀ ਰਾਗ ਦੀਆਂ ਅੱਠ ਜਾਤੀਆਂ ਦਾ ਵਰਣਿਤ ਕੀਤਾ ਹੈ।

ਗਾਉੜੀ ਰਾਗ ਨੂੰ ਅਜੋਕੇ ਸਮੇਂ ਵੱਖ ਵੱਖ ਥਾਟਾਂ ਭਾਵ ਬਿਲਾਵਲ, ਪੂਰਬੀ ਅਤੇ ਭੈਰਵ ਅੰਗ ਨਾਲ ਗਾਇਨ ਕਰਨ ਦੀ ਰਵਾਇਤ ਰਹੀ ਹੈ। ਰਾਗ ਗਾਊੜੀ ਦੇ ਵੱਖ ਵੱਖ ਥਾਟਾਂ ਤੋਂ ਪ੍ਰਾਪਤ ਸਰੂਪਾਂ ਦਾ ਵੇਰਵਾ ਇਸ ਪ੍ਰਕਾਰ ਹੈ –

## ੧. ਗਉੜੀ – ਬਿਲਾਵਲ ਥਾਟ

**ਥਾਟ:** ਬਿਲਾਵਲ **ਸਵਰ:** ਦੋਨੋ ਨਿਸ਼ਾਦ ਬਾਕੀ ਸ਼ੁਧ
**ਵਰਜਿਤ ਸਵਰ:** ਕੋਈ ਨਹੀਂ
**ਜਾਤੀ:** ਸੰਪੂਰਨ–ਸੰਪੂਰਨ (ਵਕਰ ਸਰੂਪ) **ਵਾਦੀ:** ਸ **ਸੰਵਾਦੀ:** ਮ
**ਗਾਇਨ ਸਮਾਂ:** ਦਿਨ ਦਾ ਚੌਥਾ ਪਹਿਰ

**ਆਰੋਹ:** ਸ ਗ, ਮ ਰੇ ਪ, ਧ ਨੀ ਸਂ
**ਅਵਰੋਹ:** ਸਂ ਧ ਨ਼ੀ ਪ, ਧ ਨ਼ੀ ਧ ਪ, ਮ ਪ ਮ ਗ, ਮ ਗ ਰੇ ਸ
**ਮੁੱਖ ਅੰਗ:** ਸ ਗ, ਮ ਰੇ ਪ, ਗ ਪ ਮ ਪ ਮ ਗ, ਰੇ ਸ ਨ੍ਹੀ ਨ੍ਹੀ ਸ

## ੨. ਗਉੜੀ – ਪੂਰਵੀ ਥਾਟ

ਪੰਡਿਤ ਅਹੋਬਲ ਨੇ ਆਪਣੇ ਗ੍ਰੰਥ ਵਿੱਚ ਗੋਰੀ ਰਾਗ ਦੇ ਸਰੂਪ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ:

**ਥਾਟ:** ਪੂਰਵੀ **ਸਵਰ:** ਰੁ ਧੁ ਕੋਮਲ ਮੇ ਤੀਵਰ
**ਵਰਜਿਤ ਸਵਰ:** ਗ ਅਤੇ ਧ ਆਰੋਹ ਵਿੱਚ ਅਵਰੋਹ ਵਿੱਚ ਗ
**ਜਾਤੀ:** ਔੜਵ–ਛਾਡਵ **ਵਾਦੀ:** ਸ **ਸੰਵਾਦੀ:** ਪ
**ਗਾਇਨ ਸਮਾਂ:** ਸ਼ਾਮ ਦਾ ਚੌਥਾ ਪਹਿਰ

**ਆਰੋਹ:** ਸ ਰੁ ਮੇ ਪ ਨੀ ਸਂ **ਅਵਰੋਹ:** ਸਂ ਨੀ ਧੁ ਪ ਮੇ ਰੇ ਸ

**ਮੁੱਖ ਅੰਗ:** ਸ ਰੁ ਸ, ਨ੍ਹੀ ਰੁ ਮੇ ਰੁ, ਪ ਮੇ ਰੁ ਸ

## ੩. ਗਉੜੀ – ਭੈਰਵ ਥਾਟ

ਗੰਭੀਰ ਪ੍ਰਾਕ੍ਰਿਤੀ ਦੇ ਇਸ ਰਾਗ ਦੀਆਂ ਨਾਦ ਲਹਿਰਾਂ ਦੀ ਉਤਪਤੀ ਸੰਗੀਤ ਸ਼ਾਸਤਰ ਵਿਗਿਆਨੀਆਂ ਨੇ ਭੈਰਵ ਥਾਟ ਤੋਂ ਮੰਨੀ ਹੈ। ਇਸ ਰਾਗ ਵਿੱਚ ਰਿਸ਼ਭ, ਧੈਵਤ ਕੋਮਲ ਅਤੇ ਬਾਕੀ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਰਾਗ ਵਿੱਚ "ਧੁ ਪ, ਧੁ ਮ, ਪ ਮ ਪ ਗ ਮ, ਰੁ ਗ ਰੁ ਸ, ਨ੍ਹੀ ਸ ਸਵਰ ਸੰਗਤੀ  ਦਾ ਵਿਸ਼ੇਸ਼ ਪ੍ਰਯੋਗ ਕੀਤਾ ਜਾਂਦਾ ਹੈ। ਭੈਰਵ ਥਾਟ ਤੋਂ ਉਤਪੰਨ ਇਸ ਗਾਉੜੀ ਰਾਗ ਨੂੰ ਜੋਗੀਆ, ਕਲਿੰਗੜਾ ਅਤੇ ਗੁਣਕਲੀ ਰਾਗਾਂ ਤੋਂ ਬਚਾ ਕੇ ਰੱਖਣਾਂ ਬਹੁਤ ਜਰੂਰੀ ਹੈ। ਇਸ ਰਾਗ ਦੇ ਪੂਰਵਾਂਗ ਵਿੱਚ ਕਲਿੰਗੜਾ ਅਤੇ ਉਤਰਾਂਗ ਵਿੱਚ ਸ਼੍ਰੀ ਰਾਗ ਦੀ ਝਲਕ ਪੈਂਦੀ ਹੈ। ਇਸ ਰਾਗ ਵਿੱਚ ਮੰਦਰ ਸਪਤਕ ਦੀ ਨਿਸ਼ਾਦ ਦਾ ਜ਼ਿਆਦਾ ਪ੍ਰਯੋਗ ਹੁੰਦਾ ਹੈ। ਇਸ ਰਾਗ ਦਾ ਪ੍ਰਚਾਰ ਮੱਧ ਕਾਲ ਤੋਂ ਚਲਿਆ ਆ

ਰਿਹਾ ਹੈ। ਭੈਰਵ ਥਾਟ ਦੀ ਗਾਉੜੀ ਦਾ ਇਹ ਸਰੂਪ ਗੁਰਬਾਣੀ ਕੀਰਤਨ ਅਤੇ ਭਾਰਤੀ ਸੰਗੀਤ ਦੋਹਾਂ ਪੱਧਤੀਆਂ ਵਿੱਚ ਸਮਾਨ ਰੂਪ ਵਿੱਚ ਪ੍ਰਚਾਰ ਵਿੱਚ ਹੈ। ਗੁਰੂ ਘਰ ਦੇ ਕੀਰਤਨੀਏ ਵੀ ਗਾਉੜੀ ਨੂੰ ਭੈਰਵ ਅੰਗ ਤੋਂ ਹੀ ਗਾਇਨ ਕਰਦੇ ਹਨ। ਰਾਗ ਗਾਉੜੀ ਦਾ ਭੈਰਵ ਥਾਟ ਦਾ ਸਰੂਪ ਇਸ ਤਰ੍ਹਾਂ ਹੈ:

**ਥਾਟ:** ਭੈਰਵ **ਸਵਰ:** ਰੇ ਧੁ ਕੋਮਲ

**ਵਰਜਿਤ ਸਵਰ:** ਆਰੋਹ ਵਿੱਚ ਧੈਵਤ

**ਜਾਤੀ:** ਸ਼ਾਡਵ-ਸੰਪੂਰਨ **ਵਾਦੀ:** ਰੇ **ਸੰਵਾਦੀ:** ਪ

**ਗਾਇਨ ਸਮਾਂ:** ਰਾਤ ਦਾ ਪਹਿਲਾ ਪਹਿਰ

**ਆਰੋਹ:** ਸ, ਰੇ ਗ ਰੇ, ਮ ਪ, ਨੀ ਸਂ
**ਅਵਰੋਹ:** ਸਂ ਨੀ ਧੁ ਮ ਪ, ਧੁ ਪ ਮ ਗ, ਰੇ ਗ ਰੇ, ਸ ਨੀ੍ ਸ
**ਮੁੱਖ ਅੰਗ:** ਮ ਧੁ ਪ, ਧੁ ਮ ਪ, ਮ ਗ, ਰੇ ਗ ਰੇ, ਸ ਨੀ੍ ਸ

#੩੪੦, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ
ਜਿਲ੍ਹਾ: ਗੁਰਦਾਸਪੁਰ, ਪੰਜਾਬ (ਭਾਰਤ)
ਫੋਨ ਨੰ: +91-98143 49658

www.alpoverseas.com

THE ALP GROUP

# LEADERS IN EPDM & RUBBER

Polymer based products




## GLOBAL PRESENCE




Manufactured and Marketed by: **ALP OVERSEAS PVT. LTD.**

**Corporate Office**: Plot No. 32, Sector-18 HUDA, Gurgaon, Haryana - 122015 (INDIA)

**Telephone**: +91-124-4731500 | **Website**: www.alpoverseas.com